[illegible]

ੴ ਸਤਿਗੁਰ ਪ੍ਰਸਾਦਿ

[illegible]

ਖਾਲਸਾ ਲਾਇਲਟੀ

— ਕ੍ਰਿਤ —

ਭਾਈ ਬਾਘ [illegible] ਜੀ [illegible]
ਉਪਦੇਸ਼ਕ ਸ੍ਰੀ ਗੁਰੂ ਸਿੰਘ ਸਭਾ
ਪਸ਼ਾਵਰ ਛਾਵਣੀ

KHALSA LOYALTY

By

Bhai [illegible] Singh [illegible]

[illegible]

Sri Guru Singh Sabha
Peshawar Cant.

ਕਾਰੋਨੇਸ਼ਨ ਪਰਿੰਟਿੰਗ ਵਰਕਸ ਅੰਮ੍ਰਿਤਸਰ
ਵਿਚ ਭਾਈ ਸੁਰਾ ਸਿੰਘ ਮੈਨੇਜਰ ਦੇ ਯਤਨ
ਨਾਲ ਛਪੀ

ਪਹਿਲੀ ਵਾਰ 2000 ਮੁੱਲ)

ਜਿਸ ਵੇਲੇ ਭਾਰਤ ਦੇਸ਼ ਗੁਲਾਮੀ ਦੇ ਦੌਰ ਵਿਚੋਂ ਲੰਘ ਰਿਹਾ ਸੀ, ਅਤੇ ਦੇਸ਼ ਭਗਤ ਅਜ਼ਾਦੀ ਦੀ ਲੜਾਈ ਵਿਚ ਆਪਣੀਆਂ ਜਾਨਾਂ ਦੇ ਰਹੇ ਸਨ, ਤਾਂ ਇਸ ਤਰਾਂ ਦੇ ਗਦਾਰਾਂ ਅਤੇ ਸੰਸਥਾਵਾਂ ਨੇ ਅੰਗਰੇਜੀ ਰਾਜ ਦੇ ਗੁਣ ਗਾਉਣ ਵਿਚ ਕੋਈ ਕਸਰ ਨਹੀ ਛੱਡੀ।

ਇਕ ਪਾਸੇ ਦੇਸ਼ ਭਗਤ ਸ਼ਹੀਦ ਹੋ ਰਹੇ ਸਨ, ਤਾਂ ਦੂਸਰੇ ਪਾਸੇ ਇਹੋ ਜਿਹੇ ਝੋਲੀ ਚੁੱਕ ਅੰਗਰੇਜੀ ਹਕੂਮਤ ਨੂੰ ਖੁਸ਼ ਕਰਨ ਲਈ ਲਗੇ ਹੋਏ ਸਨ, ਅਤੇ ਸ਼ਹੀਦਾਂ ਦੀਆਂ ਲਾਸ਼ਾਂ ਉਪਰ ਦੀ ਜਸ਼ਨ ਮਨਾ ਕੇ ਇਨਾਮ ਅਤੇ ਰੁਤਬੇ ਲੈ ਰਹੇ ਸਨ।

ਪਾਠਕ ਜਨ ਆਪ ਹੀ ਇਸ ਗਲ ਦਾ ਨਿਰਣਾ ਕਰ ਸਕਦੇ ਹਨ, ਕਿ ਕੌਣ ਸਹੀ ਹੈ ਅਤੇ ਕੌਣ ਗਲਤ? ਕਿਸ ਨਾਲ ਇਨਸਾਫ ਹੋਇਆ ਹੈ ਅਤੇ ਕਿਸ ਨਾਲ ਬੇਇਨਸਾਫੀ ਹੋਈ ਹੈ?

ਨਾਮਧਾਰੀ ਈ-ਲਾਇਬ੍ਰੇਰੀ

ੴ ਸਤਿਗੁਰਪ੍ਰਸਾਦਿ ॥

ਧੰਨਵਾਦ

ਮੈਂ ਸ੍ਰੀਮਾਨ ਪੰਥ ਰਤਨ ਗਿਆਨੀ ਸ਼ੇਰ ਸਿੰਘ ਜੀ ਅਤੇ ਪੰਡਿਤ ਕਰਤਾਰ ਸਿੰਘ ਜੀ ਲਾਸਾਨੀ ਫਲਾਸਫਰ ਦਾ ਸੱਚੇ ਦਿਲ ਤੇ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੈਨੂੰ ਇਸ ਖਰੜੇ ਦੇ ਤਿਆਰ ਕਰਨ ਵਿਚ ਤਨ ਮਨ ਦ੍ਵਾਰਾ-ਕਾਫੀ ਸਹਾਇਤਾ ਬਖਸ਼ੀ ॥

ਸਮਰਪਨ !

ਮੈਂ ਇਹ ਖਰੜਾ (ਖਾਲਸਾ ਜੀ ਨੂੰ ਇਹ ਗਲ ਦਸਣ ਵਾਸਤੇ ਕਿ ਸਰਕਾਰ ਅੰਗ੍ਰੇਜ਼ੀ ਦੇ ਨਾਲ ਸੁਚੇ ਦਿਲ ਤੋਂ ਵਫਾਦਾਰੀ ਰਖਣੀ ਅਤੇ ਸਰਕਾਰ ਅੰਗ੍ਰੇਜ਼ੀ ਦੀ ਤ੍ਰਕੀ ਨੂੰ ਅਪਣੀ ਮਜ਼੍ਹਬੀ ਅਤੇ ਭਾਈਚਾਰਕ ਤ੍ਰਕੀ ਦਾ ਖਾਸ ਕਾਰਨ ਸਮਝਣਾ ਵੀ ਖਾਲਸਾ ਜੀ ਦੇ ਧਰਮ ਦਾ ਇਕ ਮੁਖ ਅੰਗ ਹੈ) ਸ੍ਰੀਮਾਨ ਕਰਨਲ ਹਿਲ ਸਾਹਿਬ ਬਹਾਦੁਰ ਪਲਟਨ ੧੫ ਸਿਖ, ਦੀ ਪਵਿਤ੍ਰ ਸੇਵਾ ਵਿਚ ਅਤੀ ਨਿੰਮ੍ਰਤਾ ਸਹਿਤ ਸਮਰਪਣ (ਭੇਟਾ) ਕਰਦਾ ਹਾਂ। ਆਸ਼ਾ ਹੈ ਕਿ ਸ੍ਰੀਮਾਨ ਜੀ ਮੇਰੀ ਇਸ ਛੋਟੀ ਜਿਹੀ ਭੇਟਾ ਨੂੰ ਜ਼ਰੂਰ ਸ੍ਵੀਕਾਰ ਕਰਨਗੇ ॥

੧ ਓ ਵਾਹਿਗੁਰੂ ਜੀ ਕੀ ਫਤਹ ॥

ਟ੍ਰੈਕਟ ਰਚਨ ਦਾ ਕਾਰਨ

ਜਦ ਸ੍ਰੀ ਹਜ਼ੂਰ ੧੦੮ ਸ਼ਹਿਨਸ਼ਾਹ ਮਲਕਿ ਮੁਅਜ਼ਮ ਜਾਰਜਪੰਜਮ ਨੇ ਮੁਬਾਰਕ ਕਦਮਾਂ ਨਾਲ ਹਿੰਦੁਸਤਾਨ ਦੀ ਧਰਤੀ ਨੂੰ ਫਖਰ ਬਖਸ਼ਿਆ ਸੀ ਉਸ ਵਕਤ ਇਹ ਸੁਗਾਤ ਪੰਥ ਦੀ ਸੇਵਾ ਵਿਚ ਪੇਸ਼ ਕਰਨ ਦਾ ਅਰਾਦਾ ਸੀ ਪਰ ਕਈ ਕਾਰਨਾ ਕਰਕੇ ਪ੍ਰਗਟ ਨਹੀਂ ਕਰ ਸਕਿਆ ਸੋ ਇਸਤੇ ਸਜਨ ਪੁਰਸ਼ ਇਸ ਟਰੇਕਟ ਨੂੰ ਸ੍ਰੀ ਹਜੂਰ ਜੀ ਦੇ ਆਉਨ ਦੀ ਖੁਸ਼ੀ ਦੀ ਸੁਗਾਤ ਸਮਝਕੇ ਲਾਭ ਉਠਾਉਣ।

ਜਰੂਰੀ ਬੇਨਤੀ

ਏਹ ਲਾਇਲਟੀ ਨਾ ਸਿਰਫ ਫ਼ੌਜੀ ਤੇ ਸਿਵਲਦੇ ਸਿਖਾਂ ਮੁਲਾਜ਼ਮਾਂ ਲਈ ਹੈ ਬਲਕਿ ਇਸਦਾ ਪਵਿਤ੍ਰ ਉਪਦੇਸ਼ ਖਾਸ ਕਰਕੇ ਖਾਲਸਾ ਕੌਮ ਦੇ ਹਰ ਇਕ ਪੁਰਸ਼ ਇਸਤ੍ਰੀ ਲਈ ਹੈ ਤੇ ਆਮ ਸਾਰੇ ਹਿੰਦੁਸਤਾਨੀ ਭਾਈਆਂ ਲਈ ਸਿਖ੍ਯਾ ਹੈ। ਕਿਉਂਕਿ ਖਾਲਸਾ ਜੀ ਦੀ ਕੌਮੀਅਤ ਨਾਲ ਸਰਕਾਰ ਦਾ ਓਹ ਤਅੱਲਕ ਹੈ ਜੋ ਕਿ ਮੰਦਰ ਉਸਾਰਨ ਵਕਤ ਇਟਾਂ ਤੇ ਨਰਮ ਚੂਨੇ ਦਾ, ਅਤੇ ਆਦਮੀ ਦੀ ਦੇਹੀ ਵਿਚ ਹੱਡਾਂ ਤੇ ਲਹੂ ਦਾ, ਤੇ ਸਾਰੇ ਹਿੰਦੁਸਤਾਨੀ ਭਾਈਆਂ ਨੂੰ ਲੜਾਈ ਝਗੜੇ ਤੇ ਜ਼ੁਲਮ ਵਿਚੋਂ ਕੱਢਕੇ ਸਰਕਾਰ ਨੇ ਸ਼ਾਂਤੀ ਦੀ ਛਾਇਆ ਤਲੇ ਰਖਿਆ ਤੇ ਵਿੱਦਯਾ ਦੀ ਰੌਸ਼ਨੀ ਫੈਲਾ ਕੇ ਸਾਰੇ ਸੁਖਾਂ ਦੀ ਬਰਖਾ ਕੀਤੀ ॥

ਦਾਸ–ਕਰਤਾ

ੴ ਵਾਹਿਗੁਰੂ ਜੀ ਕੀ ਫਤਹ॥

ਖਾਲਸਾ ਲਾਇਲਟੀ

ਅਰਥਾਤ

ਸਿਖਾਂ ਲਈ ਸਰਕਾਰ ਦਾ ਲਾਇਲ ਰਹਿਣਾ ਸਿਰਫ ਜ਼ਰੂਰੀ ਹੀ ਨਹੀਂ ਬਲਕਿ ਉਹਨਾਂ ਦੇ ਮਜ਼੍ਹਬ ਦਾ ਇਕ ਅੰਗ ਹੈ।

ਭਾਵੇਂ ਹਰ ਇਕ ਦੇਸ ਦੀ ਪਰਜਾ ਦਾ ਧਰਮ ਹੈ ਕਿ ਅਪਣੇ ਵਕਤ ਦੇ ਪਾਤਸ਼ਾਹ ਨੂੰ ਵਾਹਿਗੁਰੂ ਦਾ ਨਾਇਬ ਮੰਨ ਕੇ ਉਸਦੀ ਫਰਮਾ ਬਰਦਾਰੀ ਕਰਕੇ ਕ੍ਰਿਤਾਰਥ ਹੋਵੇ, ਪਰੰਤੂ ਹਿੰਦੀ ਕੌਮਾਂ ਲਈ ਸਰਕਾਰ ਇੰਗਲਿਸ਼ੀਆ ਦਾ ਰਾਜ ਠੀਕ ਠੀਕ ਸ਼ੁਕਰ ਦਾ ਮੁਕਾਮ ਹੈ ਕਿਉਂਕਿ ਹਿੰਦੁਸਤਾਨ ਦੇਸ ਭਾਵੇਂ ਬਹੁਤ ਸਾਰੀ ਹਾਲਤਾਂ ਵਿਚ ਔਡਾ ਰਿਹਾ ਹੈ ਜੈਸੇ ਕਿ ਉੱਤਮ ਮਹਾਂ ਪੁਰਸ਼ ਏਸ ਦੇਸ ਵਿਚ ਦੂਸਰੇ ਪੂਰਬੀ ਤੇ ਪੱਛਮੀਂ ਦੇਸਾਂ ਨਾਲੋਂ ਬਹੁਤ ਹੋਏ ਹਨ, 'ਪੁਰਸ਼ਾਂ ਵਾਲੀ

ਲਿਆਕਤ ਭੀ ਵਾਹਿਗੁਰੂ ਨੇ ਏਸੇ ਦੇਸ ਨੂੰ ਸਭ ਤੋਂ ਪਹਿਲਾਂ ਬਖ਼ਸ਼ੀ ਸੀ ਪਰੰਤੂ ਫੇਰ ਭੀ ਇਕ ਕਮੀ ਸੀ ਕਿ ਜਦ ਤੋਂ ਹਿੰਦੁਸਤਾਨ ਅਪਣੀ ਇਨਸਾਨੀ ਹਾਲਤ ਵਿਚ ਆਇਆ ਤੇ ਇਸ ਵਿਚ ਪਾਤਸ਼ਾਹਤ ਯਾ ਹੋਰ ਦੁਨੀਆਵੀ ਇਨਤਜ਼ਾਮ ਹੋਏ ਤਦ ਤੋਂ ਹੀ ਰਾਜੇ ਮਹਾਰਾਜਿਆਂ ਵਿਚ ਮਜ਼ਹਬੀ ਤਅਸਬ ਥੋੜਾ ਬਹੁਤ ਬਨਿਆ ਰਿਹਾ।

ਹਿੰਦੂਆਂ ਦੇ ਸਭ ਤੋਂ ਵਡੇ ਪਰਮ ਪੂਜ ਮਹਾਤਮਾ ਮਨੂੰ ਜੀ ਥੇ ਜਿਨ੍ਹਾਂ ਨੇ ਸ਼ੂਦ੍ਰਾਂ ਯਾ *ਯਮਨਾ ਦੇ ਹਕ ਖਤ੍ਰੀ ਬ੍ਰਾਹਮਣਾਂ ਨਾਲੋਂ ਬਹੁਤ ਘਟ ਰਖੇ, ਇਸ ਸਿਖਯਾ ਦਾ ਅਸਰ ਏਹ ਹੋਯਾ ਕਿ ਮਹਾਰਾਜਾ ਰਾਮ ਚੰਦ੍ਰ ਜੀ ਜੈਸੇ ਮਹਾਤਮਾ ਪੁਰਸ਼ ਭੀ ਧੋਖਾ ਖਾ ਗਏ ਅਰਥਾਤ ਬਾਲਮੀਕ ਰਮਾਇਣ ਦੇ ਅੰਤ ਵਿਚ ਇਕ ਪ੍ਰਸੰਗ ਹੈ ਜਿਸਦਾ ਸਿਧਾਂਤ ਏਹੋ ਹੈ। ਕਿ ਇਕ ਬ੍ਰਾਹਮਣ ਆਕੇ ਰਾਮ ਜੀ ਪਾਸ ਰੋਯਾ ਤੇ ਹਾਲ ਪੁਛਣੇ ਪਰ ਦਸਿਆ ਕਿ ਇਕ ਸ਼ੂਦ੍ਰ ਬਨ ਵਿਚ ਤਪ ਕਰਦਾ ਹੈ ਜਿਸਦੇ ਪਾਪ ਕਰਕੇ ਮੇਰਾ ਲੜਕਾ ਮਰ ਗਿਆ। ਰਾਮ ਜੀ ਨੇ ਏਹ ਬਾਤ ਸੁਣਦੇ ਹੀ ਗਰੀਬ ਤਪਸੀ ਸ਼ੂਦ੍ਰ ਦੀ ਜਾਨ ਦਾ ਸ਼ਕਾਰ ਕੀਤਾ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਸਾਹਿਬ ਵਿਚ ਰਮਾਇਣ ਦਾ ਉਲਥਾ ਕਰਦੇ ਹੋਏ ਏਹ ਛੰਦ ਲਿਖੇ

---

*ਯਮਨ ਤੋਂ ਮੁਰਾਦ ਓਹ ਕੌਮਾਂ ਹੈਨ ਜੋ ਹਿੰਦੂਆਂ ਤੋਂ ਬਿਨਾਂ ਹੈ ਜੈਸੇ ਕਿ ਮੂਸਾਈ, ਯਹੂਦੀ, ਪਾਰਸੀ, ਈਸਾਈ, ਮੁਸਲਮਾਨ, ਵਗੈਰਾ ਹੈਂ॥

ਹਨ ਯਥਾ:—

ਭੁਜੰਗ ਪ੍ਰਯਾਤ ਛੰਦ

ਇਹੀ ਬੀਰ ਅਯੋ ਮਿਤੋ ਸੁਨ ਬਿਪ੍ਰੰ ॥ ਜੀਐ ਬਾਲ ਆਜੇ ਨਹੀ ਤੋਹਿ ਸ੍ਰਾਪੰ ॥ ਸਬੈ ਰਾਮ ਜਾਨੀ ਚਿਤੰ ਤੋਹਿ ਬਾਤਾ ॥ ਦਿਸਾ ਬਾਰੁਣੀ ਤੇ ਬਿਬਾਣੰ ਹਕਾਰਯੋ ॥ ੬੯੯ ॥ ਹੁਤੋ ਏਕ ਸੂਦ੍ਰ ਦਿਸਾ ਉਤ੍ਰ ਮੱਧੀ ॥ ਝੁਲੈ ਕੂਪ ਮੱਧੇ ਪਰਯੋ ਔਧ ਮੁੱਖੰ ॥ ਮਹਾ ਉਗਰ ਤੇਜਾ ਤਪਸ਼ਯਾਤ ਉਗ੍ਰੰ ॥ ਹੰਨਯੋ ਤਾਹਿ ਰਾਮੰ ਅਸੀ ਆਪ ਹੱਥੰ ॥ ੭੦੦ ॥

ਭਾਵ ਇਨ੍ਹਾਂ ਛੰਦਾਂ ਦਾ ਓਹੋ ਹੈ ਜੋ ਉਪਰ ਰਮਾਇਣ ਦੇ ਪ੍ਰਸੰਗ ਦਾ ਹੈ ॥

ਇਸੇ ਤਰਾਂ ਹਿੰਦੂ ਰਾਜਿਆਂ ਦਾ ਬਹੁਤਾ ਚਿਰ ਏਹੀ ਹਾਲ ਰਿਹਾ ਤੇ ਦਿਨ ਬਦਿਨ ਸ਼ੂਦ੍ਰ ਕੌਮਾਂ ਗਿਰਦੀਆਂ ਗਈਆਂ ਤੇ ਉਚ ਜਾਤੀ ਵਿਚ ਖੁਦਗਰਜ਼ੀ ਘਰ ਕਰਦੀ ਗਈ ਇਸਨੇ ਦੇਸ ਦੇ ਵਿਚ ਕਈ ਤਰਾਂ ਦੇ ਅਤਯਾਚਾਰ ਤੇ ਅਨਰਥ ਫੈਲਾਏ ਕੋਈ ਢਾਈਕੁ ਹਜ਼ਾਰ ਬਰਸ ਬੀਤਿਆ ਜਦਾ ਮਹਾਤਮਾ ਬੁਧ ਜੀ ਨੇ ਆਪਨੀ ਅਵਾਜ ਉਕਤ ਬ੍ਰਾਹਮਣੀ ਮਤ ਤੋਂ ਉਲਟ ਉਠਾਈ ਤੇ ਉਸਦੇ ਚੇਲੇ ਜੋ ਕਿ ਹਜੂਮਤ ਦਾ ਅਧਕਾਰ ਰਖਦੇ ਸੇ ਉਨ੍ਹਾਂ ਵਿਚੋਂ ਭੀ ਉਪਰ ਲਿਖਿਆ ਤਾਅੱਸਬ ਨਾ ਗਿਆ ਓਹ ਵੀ ਹਿੰਦੂਆਂ ਨਾਲੋਂ ਬੋਧੀਆਂ ਦੀ ਬੇਹਤ੍ਰੀ ਦਾ ਖ੍ਯਾਲ ਰਖਦੇ ਰਹੇ ॥

ਫਿਰ ਜੈਨ ਮਤ ਇਸ ਦੇਸ ਵਿਚ ਖਸਰਿਆ ਜਿਸਦੇ ਫੈਲਨ ਨਾਲ ਭੀ ਉਕਤ ਬਲਦੀ ਅੱਗ ਪਰ ਤੇਲ ਹੀ ਪਿਆ

ਪਾਰਸਨਾਥ ਜੈਸੇ ਜੈਨੀ ਰਾਜਿਆ ਨੇ ਸੰਨਿਆਸੀਆਂ ਨੂੰ ਪਕੜ ਕੇ ਅੱਗ ਵਿਚ ਸਾੜਿਆ ਤੇ ਪਾਣੀ ਵਿਚ ਡੋਬਿਆ ਜਦ ਇਨਾਂ ਦੇ ਜ਼ੁਲਮ ਨੇ ਜ਼ਮੀਨ ਨੂੰ ਬੋਝਲ ਕੀਤਾ ਤਦ ਮਹਾਤਮਾ ਸੰਕ੍ਰਾਚਾਰਜ ਜੀ ਵੇਦਾਂਤ ਮਤ ਦੇ ਪ੍ਰਸਿੱਧ ਲੀਡਰ ਨੇ ਆ ਦਰਸ਼ਨ ਦਿਖਾਇਆ, ਆਪਦੀ ਸਿੱਖਯਾ ਭਾਂਵੇਂ ਸਾਰੇ ਜਗਤ ਨੂੰ ਪਰਮਾਤਮਾ ਦਾ ਰੂਪ ਸਾਬਤ ਕਰਨਾ ਸੀ ਪਰ ਫੇਰ ਵੀ ਆਪਨੇ ਜੈਨੀ ਬੋਧੀ ਪੰਡਤਾਂ ਨੂੰ ਸ਼ਾਸਤ੍ਰਅਰਥ ਵਿਚ ਫਤਹ ਕੀਤਾ ਤੇ ਖਤ੍ਰੀ ਹਿੰਦੂ ਰਾਜਿਆਂ ਨੂੰ ਜੋਸ਼ ਦੇਕੇ ਫੇਰ ਤਿਆਰ ਕੀਤਾ ਜਿਸਦਾ ਨਤੀਜਾ ਇਹ ਹੋਇਆ ਕਿ ਜੈਨੀ ਆਦਿਕਾਂ ਦੇ ਜਹਾਜ਼ ਭਰ ੨ ਕੇ ਗਹਿਰੇ ਸਮੁੰਦਰ ਦੀ ਭੇਟਾ ਕੀਤੇ ਗਏ ਇਸੇ ਤਰਾਂ ਇਸ ਪਾਤਸਾਹਤ ਜੁਲਮ ਦੀਤ੍ਰੱਕੀ ਹੀ ਹੋਈ। ਹਮੇਸ਼ਾਂ ਨੀਵੀਂ ਜਾਤ ਦੇ ਭਗਤ ਮਹਾ-ਤਮਾ ਨੂੰ ਧ੍ਰਿਕਾਰਿਆ ਜਾਂਦਾ ਰਿਹਾ ਤੇ ਉੱਚੀ ਜ਼ਾਤ ਦਾ ਭਾਵੇਂ ਸ਼ੈਤਾਨ ਕਿਉਂ ਨਾ ਹੋਵੇ ਉਸਦੀ ਇੱਜ਼ਤ ਕੀਤੀ ਜਾਂਦੀ ਰਹੀ।

ਜਦ ਹਿੰਦੂਆਂ ਦੇ ਆਪਣੇ ਪਾਪਾਂ ਨੇ ਫਲ ਦੇਣ ਦੀ ਸੂਰਤ ਇਖਤਯਾਰ ਕੀਤੀ ਤੇ ਮੁਸਲਮਾਨ ਪਾਤਸ਼ਾਹਤ ਦਾ ਇਸ ਦੇਸ ਵਿਚ ਅਵਤਾਰ ਹੋਇਆ ਜਿਸਦੇ ਪਾਤਸ਼ਾਹ ਅਰਥਾਤ ਮਹੰਮਦ ਗੋਰੀ, ਇਲਾਊਦੀਨ, ਕੁਤਬੁੱਦੀਨ, ਮਹਮੂਦ ਗਜ਼ਨਵੀ, ਮਹੰਮਦ ਸ਼ਾਹ ਤੁਗਲਕ, ਆਦਕਾਂ ਦੇ ਮਜ਼ਬੀ ਤਅੱਸਬ ਕਿਸੇ ਤੋਂ ਲੁਕਵੇਂ ਨਹੀਂ । ਆਖਰ।

ਸ੍ਰੀਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਵਤਾਰ ਧਾਰਿ-ਆ ਤੇ ਇਨ੍ਹਾਂ ਦੇ ਨੌਵੇਂ ਸਰੂਪ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੇ ਮਜ਼ਬੀ ਤਅੱਸਬ ਨੂੰ ਦੇਖਕੇ ਸਰਕਾਰ ਇੰਗ-

ਲਿਖੀਆ ਦੇ ਆਉਣ ਦੀ ਵਾਹਿਗੁਰੂ ਪਾਸ ਅਪੀਲ ਕੀਤੀ*।

ਖੈਰ ! ਇਸ ਤਰਾਂ ਦੇਸ ਦੀ ਪਾਤਸ਼ਾਹਤ ਵਿਚ ਮਜ਼ਬੀ ਕਸ਼ਮਕਸ਼ ਹੁੰਦੀ ਰਹੀ ਤੇ ਅਖੀਰ ਹਿੰਦੁਸਤਾਨ ਦੇ ਭਾਗ ਦਾ ਦਰਵਾਜ਼ਾ ਖੁਲ੍ਹ ਗਿਆ ਤੇ ਜ਼ੁਲਮ ਦਾ ਅੰਧੇਰਾ ਹਟ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਾਕ ਅਮਲੀ ਕਲਮ ਨਾਲ ਲਿਖੇ ਗਏ ਅਰਥਾਤ ਮੇਹਰਬਾਨ, ਇਨਸਾਫ ਪਸੰਦ ਰਿਆਯਾ ਪਰਵਰ ਸਰਕਾਰ ਇੰਗਲਿਸ਼ੀਆ ਦਾ ਮੁਬਾਰਕ ਹੱਥ ਦੇਸ ਦੇ ਸਿਰ ਉਪਰ ਆਇਆ ਦੇਸ ਨੂੰ ਪਾਤਸ਼ਾਹਤ ਦਾ ਸੱਚਾ ਨਜ਼ਾਰਾ ਦਿਖਾਇਆ ਸੱਚ ਮੁੱਚ ਹੀ ਪਾਤਸ਼ਾਹਤ ਨੂੰ ਦੋਇਮ ਦਰਜੇ ਦੀ ਖੁਦਾਈ ਕਹਣਾ ਸਫਲ ਕੀਤਾ। ਜਿਸ ਤਰਾਂ ਵਾਹਿਗੁਰੂ ਲੋਕਾਂ ਦੇ ਗੁਨਾਹ ਦੇਖਦਾ ਹੋਇਆ ਭੀ ਸਭ ਨਾਲ ਪ੍ਰੇਮ ਦਾ ਵਰਤਾਉ ਕਰਦਾ ਹੈ ਤੇ ਹਰ ਇਕ ਜ਼ਾਤੀ ਹਰ ਇਕ ਕੌਮ ਹਰ ਇਕ ਮਜ਼ਬ ਦੇ (ਪੈਰੋ) ਪੁਰਸ਼ਾਂ ਨੂੰ ਇਕੋ ਜੇਹਾ ਸੁਖ ਬਖਸ਼ਦਾ ਹੈ ਇਸੇ ਤਰਾਂ ਉਕਤ ਸਰਕਾਰ ਨੇ ਭੀ ਮਜ਼ਬ ਦੇ ਪਖਪਾਤ ਤੋ ਬਿਨਾਂ ਸਭ ਦੀ ਪਾਲਨਾ ਕੀਤੀ

---

*ਨੋਟ–ਇਕ ਦਿਨ ਨੌਵੇਂ ਗੁਰੂ ਸਾਹਿਬ ਦਿੱਲੀ ਦੀ ਇਕ ਅਟਾਰੀ ਪਰ ਚੜ੍ਹਕੇ ਸਮੁੰਦਰ ਦੀ ਤਰਫ ਝਾਤੀ ਮਾਰਦੇ ਸਨ ਮਾਲੂਮ ਹੋਨੇ ਪਰ ਪਾਤਸ਼ਾਹ ਨੇ ਕਾਰਨ ਪੁਛਿਆ ਆਪਨੇ ਫੁਰਮਾਇਆ ਕਿ ਮੈਂ ਉਸ ਆਦਲ ਤੇ ਰਿਆਯਾ ਪਰਵਰ ਰਾਜ ਸਿਧਾਂਤ ਤੋਂ ਵਾਕਿਫ ਕੌਮ ਦੀ ਤਰਫ ਦੇਖਦਾ ਹਾਂ ਜਿਸਨੇ ਪੱਛਮ ਤੋਂ ਸਮੁੰਦਰ ਦੇ ਰਸਤੇ ਆਕੇ ਦੇਸ ਵਿਚ ਸ਼ਾਂਤੀ ਤੇ ਅਮਨ ਦਾ ਪ੍ਰਕਾਸ਼ ਕਰਨਾ ਹੈ।

ਗਰੀਬਾਂ ਨੂੰ ਉਭ੍ਰਾਰਿਆ ਤੇ ਢੁਬਿਆਂ ਨੂੰ ਵਡਿਆਇਆ। ਹਰ ਇਕ ਫਿਰਕੇ ਨੂੰ ਆਪੋ ਆਪਣੀ ਧਾਰਮਿਕ ਆਜ਼ਾਦੀ ਬਖ਼ਸ਼ੀ ਅਰਥਾਤ ਕਿਸੇ ਸ਼ਹਿਰ ਵਿਚ ਇਕ ਈਸਾਈ ਪ੍ਰਚਾਰ ਕਰਦਾ ਹੈ, ਜਿਸਦੇ ਹਮ ਮਜ਼੍ਹਬ ਭੀ ਕਸਰਤ ਨਾਲ ਅਫਸਰ ਤੇ ਕੌਮ ਇੰਗਲਿਸ਼ੀਆ ਦੀ ਨਸਲ ਤੋਂ ਹਨ ਪਰ ਫੇਰ ਵੀ ਉਸ ਉੱਪਰ ਬੇਵਕੂਫ ਲੋਗ ਵੱਟੇ ਇੱਟਾਂ ਮਾਰਦੇ ਹਨ ਤੇ ਸਰਕਾਰੀ ਅਫਸਰ ਇਸ ਹਾਲਤ ਵਿਚ ਆਪਣੀ ਕੌਮ ਯਾ ਮਜ਼੍ਹਬ ਦੇ ਲਿਹਾਜ਼ ਨਾਲ ਕਿਸੇ ਪਾਸੋਂ ਖਯਾਲ ਤੱਕ ਐਕਸ਼ਨ ਲੈਣ ਵਾਸਤੇ ਤਿਆਰ ਨਹੀਂ ਤੇ ਨਾ ਪਾਦਰੀ ਸਾਹਿਬ ਨੂੰ ਹੀ ਆਪਨਾ ਮਜ਼੍ਹਬੀ ਘੁਮੰਡ ਸ਼ਾਹਾਨਾ ਹਾਲਤ ਵਿਚ ਹੈ, ਇਸੇ ਤਰਾਂ ਆਪਣਾ ਪ੍ਰਚਾਰ ਸਿੱਖ ਹਿੰਦੂ ਮੁਸਲ ਮਾਨ ਪਾਦਰੀ ਸਾਹਿਬ ਨਾਲੋਂ ਵਡੀ ਅਛੀ ਹਾਲਤ ਵਿਚ ਕਰ ਸਕਦੇ ਹਨ ਫਿਰ ਕਿਉਂ ਨਾ ਹਿੰਦੁਸਤਾਨ ਦੀ ਹਰ ਇਕ ਕੌਮ ਈਸ਼੍ਵਰ ਦਾ ਜਸ ਗਾਉਂਦੀ ਹੋਈ ਆਪਣੇ ਧਾਰ-ਮਕ ਆਗੂਆਂ ਦੀ ਪੈਰਵੀ ਕਰਦੀ ਹੋਈ ਓਨ੍ਹਾਂ ਦੇ ਸਾਥ ਸਰਕਾਰ ਅੰਗ੍ਰੇਜ਼ੀ ਦਾ ਤਨ ਮਨ ਧਨ ਨਾਲ ਸ਼ੁਕਰ ੨ ਨਾ ਕਰ੍ਹੇ? ਏਥੇ ਹੀ ਬੱਸ ਨਹੀਂ, ਸ੍ਰਕਾਰ ਨੇ ਜੋ ਕੁਝ ਹਿੰਦੁਸਤਾਨ ਨੂੰ ਭਾਈ ਚਾਰਕ ਤੇ ਸੁਧਾਰਾਰਕ ਸਿੱਖਯਾ ਦਿੱਤੀ ਤੇ ਵਿਦਯਾ ਦਾ ਮੈਦਾਨ ਹਰ ਇਕ ਲਈ ਖੁਲ੍ਹਾ ਕੀਤਾ ਜੋ ਰੇਲ ਡਾਕ ਸ਼ਫਾਖਾਨੇ ਜੈਸੇ ਸੁਖ ਪੈਦਾ ਕੀਤੇ ਓਹ ਬੇਸ਼ੁਮਾਰ ਹਨ ਪ੍ਰੰਤੂ ਸਿੱਖਾਂ ਵਾਸਤੇ ਸਭ ਤੋਂ ਵਧਕੇ ਸੌਰਾ ਬੈਕੁੰਠ ਹੈ, ਸਿੱਖਾਂ ਦੇ ਅਸੂਲ ਦੁਨੀਆਂ ਭਰ ਵਿਚ ਪ੍ਰਵਿਰਤ ਕਰਨ ਲਈ ਇਕ ਵਸੀਲਾ ਹੈ, ਤੇ ਸਿੱਖਾਂ ਦੀ ਜ਼ਿੰਦਗੀ ਕਾਇਮ ਰੱਖਣ ਲਈ ਇਕ

ਖ਼ਾਸ ਕਿਸਮ ਦਾ ਅੰਮ੍ਰਿਤ ਹੈ, ਸਿਖਾਂ ਦੇ ਸਤਗੁਰਾਂ ਦੀ ਬਜ਼ੁਰਗੀ ਦਾ ਨਸ਼ਾਨ ਹੈ, ਤੇ ਸਿੱਖਾਂ ਦੇ ਧਰਮ ਨੂੰ ਸਰਕਾਰ ਦੇ ਆਉਣ ਨਾਲ ਬਹੁਤ ਕੁਦਰਤੀ ਫਾਇਦੇ ਹਾਸੱਲ ਹੋਏ ਹਨ ਜੈਸਾ ਕਿ ਅਗੇ ਨੰਬਰ ਵਾਰ ਹੈ॥

(੧) ਸਿਖਾਂ ਦੇ ਧਰਮ ਵਿਚ ਜਾਤ ਪਾਤ ਦੀ ਉਚਾਈ ਨੀਰਾਈ ਦਾ ਕੋਈ ਭਰਮ ਨਹੀਂ ਯਥਾ:—

ਜਾਤੀ ਦੇ ਕਿਆ ਹਥ ਸਚੁ ਪਰਖੀਐ॥

ਵਾਰ ਮਾਝ ਮਃ ੧

ਭਾਵ—ਹਰਇਕ ਪੁਰਸ਼ ਦੀ ਬਜ਼ੁਰਗੀ ਯਾ ਨੀਵੀਂ ਹਾਲਤ ਸਮਝਨ ਲਈ ਜਾਤ ਦਾ ਕੋਈ ਸਵਾਲ ਨਹੀਂ ਫੈਸਲਾ ਸੱਚ ਉੱਪਰ ਹੈ॥ ਇਸੇ ਤਰਾਂ ਸ੍ਰਕਾਰ ਨੇ ਭੀ ਕਿਸੇ ਹਾਲਤ ਵਿਚ ਕਿਸੇ ਜਾਤ ਨੂੰ ਵਡਾ ਯਾ ਛੋਟਾ ਨਹੀਂ ਮੰਨਿਆਂ ਬਲਕਿ ਹਰ ਜਾਤੀ ਦੇ ਨੇਕ ਪੁਰਸ਼ਾਂ ਦੀ ਕਦਰ ਤੇ ਬੁਰਿਆਂ ਨੂੰ ਰਸਤੇ ਪਾਉਣ ਦਾ ਜਤਨ ਕੀਤਾ ਹੈ, ਤੇ ਅੰਗ੍ਰੇਜ਼ੀ ਤਾਲੀਮ ਨੇ ਤਾਂ ਹਰਇਕ ਦਾਨਸ਼-ਮੰਦ ਇਨਸਾਨ ਦੇ ਦਿਲ ਵਿਚੋਂ ਇਸ ਵਹਮ ਨੂੰ ਉਡਾ ਹੀ ਦਿਤਾ ਹੈ॥

(੨) ਸਿਖਾਂ ਦੇ ਧਰਮ ਵਿਚ ਛੂਤ ਛਾਤ ਦੀ ਕੋਈ ਬੰਦਸ਼ ਨਹੀਂ

ਅੰਗ੍ਰੇਜ਼ੀ ਰਾਜ ਨਾਲ ਆਈਆਂ ਰੇਲਾਂ ਤੇ ਜਹਾਜ਼ੀ ਸਫਰ ਨੇ ਉਕਤ ਭਰਮ ਨੂੰ ਮੂਲੋਂ ਪੁਟ ਸੁਟਯਾ ਤੇ

ਅੰਗ੍ਰੇਜ਼ੀ ਤਾਲੀਮ ਪਾਉਣ ਵਾਲੇ ਪੁਰਸ਼ ਤਾਂ ਇਸ ਦੀਵਾਰ ਤੋਂ ਬਿਲਕੁਲ ਪਾਰ ਹੀ ਹੋਗਏ ॥

(੩) ਜਾਹਲੀ ਰਸਮਾਂ ਦਾ ਤਿਆਗ:—

(ੳ) ਸਿਖਾਂ ਦੇ ਧਰਮ ਵਿਚ ਲੜਕੀ ਮਾਰਨੀ ਤਾਂ ਕਿਤੇ ਰਹੀ ਬਲਕਿ ਧੀ ਦਾ ਦਰਜਾ ਪੁਤ੍ਰ ਨਾਲੋਂ ਵਡਾ ਹੈ ਯਥਾ:—

ਪੁਤ੍ਰੋਂ ਧੀ ਚੰਗੇਰੜੀ ਪਰ ਘਰ ਜਾਇ ਬਸਾਇਨ ਆਈ ॥

ਭਾ: ਗੁਰਦਾਸ ਜੀ ਵਾਰ ੩੭ ਪੌੜੀ ੨੪

ਭਾਵ—ਪੁਤਨੇ ਸਿਰਫ ਅਪਨੇ ਪਿਛਲੇ ਘਰ ਨੂੰ ਅਬਾਦ ਰਖਣਾਹੈ ਪਰ ਧੀ ਨੇ ਦੂਸਰੇ ਦਾ ਘਰ ਅਬਾਦ ਕਰਕੇ ਦੁਨਯਾਂ ਵਿਚ ਮੁਹਬਤ ਕਾਇਮ ਕਰਨੀ ਤੇ ਮਾਂ ਬਾਪ ਨੂੰ ਪਰਉਪਕਾਰੀ ਦਾ ਦਰਜਾ ਬਖਸ਼ਣਾ ਹੈ ਇਸ ਲਈ ਧੀ ਚੰਗੀ ਹੈ ।

(ਅ)ਸਤੀ ਦੀ ਰਸਮ ਦਾ ਨਿਸ਼ੇਧ ਹੈ ਯਥਾ:—

ਜਲੇ ਨ ਪਾਈਏ ਰਾਮ ਸਨੇਹੀ । ਕ੍ਰਿਤ ਸੰਜੋਗ ਸਤੀ ਉਠ ਹੋਈ । ਦੇਖਾ ਦੇਖੀ ਮਨ ਹਠ ਜਲ ਜਾਈਐ । ਪ੍ਰਿਅ ਸੰਗ ਨ ਪਾਵੈ ਬਹੁ ਜੋਨ ਭਰਮਾਈਐ ॥

ਗਉੜੀ ਮ: ੫ ॥

ਭਾਵ:–ਇਸਤ੍ਰੀਆਂ ਆਮ ਰਸਮ ਦੇ ਅਨੁਸਾਰ ਤੇ ਲੋਕਾਂ ਵਿਚ ਅਪਨੀ ਵਡਿਆਈ ਵਾਸਤੇ ਮਨ ਵਿਚ ਹਠ ਕਰਕੇ ਪਤੀ ਨਾਲ ਸੜਦੀਆਂ ਹਨ ਲੋਕਾ ਦਾ ਖਯਾਲ ਕਿ ਇਸਤਰ੍ਹਾਂ ਜਲਨ ਵਾਲੀ ਔਰਤ ਅਪਨੇ ਪਤੀ ਨੂੰ ਦੂਸਰੇ ਜਨਮ ਵਿਚ ਜਾ ਮਿਲਦੀ ਹੈ॥ ਪ੍ਰੰਤੂ ਇਸਤ੍ਰੀ ਪਤੀ ਦਾ ਸੰਜੋਗ ਕਰਮਾਂ ਅਨੁਸਾਰ ਸਿਰਫ ਇਸੀ ਜਨਮ ਵਿਚ ਸੀ ਅੱਗ ਵਿਚ ਜਲਨ ਨਾਲ ਦੂਸਰੇ ਜਨਮ ਦਾ ਸੰਜੋਗ ਨਹੀਂ ਬਨ ਸਕਦਾ ਇਸ ਤੇ ਜਲਨ ਤੋਂ ਪਤੀ ਨਾਲ ਮੇਲ ਸਮਝਨਾ ਬਿਲਕੁਲ ਗਲਤ ਹੈ ਤੇ ਇਸਤਰਾਂ ਸੜਨ ਵਾਲ਼ੀ ਇਸਤ੍ਰੀ ਆਪਨੇ ਆਤਮਘਾਤ ਦੇ ਪਾਪ ਨਾਲ ਪਾਪਣ ਮੰਨੀ ਜਾਂਦੀ ਹੈ ਤੇ ਆਮ ਜਨਮਾਂ ਵਿਚ ਭੌਰਮ ਭੀ ਭਟਕਦੀ ਹੈ।

(ੲ) ਬਿਧਵਾ ਦੀ ਸਾਦੀ ਨਾ ਹੋਣੀ ਇਸ ਦਾ ਵੀ ਗੁਰ ਮਤ ਵਿਚ ਖੰਡਨ ਹੈ ਯਥਾ:–

ਗੋਰੀ ਸੇਤੀ ਤੁਟੈ ਭਤਾਰ । ਮੂਰਖ਼ ਗੰਢ ਪਵੈ ਮੂਹ ਮਾਰ।

ਭਾਵ:–ਇਸਤ੍ਰੀ ਦਾ ਪਹਿਲੇ ਪਤੀ ਨਾਲ ਗੰਢ ਟੁਟਨ ਤੋਂ ਦੂਜੇ ਪਤੀ ਦੇ ਮਿਲਣ ਤੋਂ ਗੰਢ ਪੈਂਦਾ ਹੈ ਇਸੇ ਤਰਾਂ ਮੂਰਖ ਪੁਰਸ਼ ਦੀ ਆਦਤ ਵਿਚ ਤਾੜ ਫਾੜ ਤੋਂ ਹੀ ਗੰਢ ਯਾਨੇ ਰੁਕਾਵਟ ਹੋ ਸਕਦੀ ਹੈ।

(ਙ) ਆਰੇ (ਕਰਵਤ) ਨਾਲ ਦੋ ਟੁਕੜੇ ਕਰਾਕੇ ਹਮਾਲੇ ਵਿਚ ਗਲਕੇ, ਅੱਗ ਵਿਚ ਸੜਕੇ, ਆਦਕ ਸਾਧਨਾਂ ਤੇ ਮੁਕਤੀ ਸਮਝਣੀ ਗੁਰਮਤ ਵਿਚ ਪੂਰਾ ੨ ਨਸ਼ੇਧ ਹੈ। ਯਥਾ:-

ਅਰਧ ਸ੍ਰੀਰ ਕਟਾਈਐ ਭਾਈ ਜੇ ਲਖ ਜਤਨ ਕਰਾਇ। ਜੇ ਬੈਸੰਤਰਹੋਮੀਐ ਭਾਈ ਇਕ ਰਤੀ ਤੋਲ ਕਟਾਇ। ਤਨ ਹੇਮੰਚਲ ਗਾਲੀਐ ਭਾਈ ਭੀ ਮਨ ਤੇ ਰੋਗ ਨ ਜਾਇ॥

ਭਾਂਵ:-ਅਪਨੀ ਦੇਹੀ ਦੇ ਟੁਕੜੇ ਕਰਕੇ ਅੱਗ ਵਿਚ ਸਾੜਨੇ ਤੇ ਆਰੇ ਨਾਲ ਅਪਨੀ ਦੇਹੀ ਨੂੰ ਦੋ ਟੋਟੇ ਕਰਨਾ, ਤੇ ਹਮਾਲ਼ੇ ਦੀ ਬਰਫ ਵਿਚ ਗਲਨਾ, ਏਹ ਸਾਧਨ ਲੋਕ ਮੁਕਤੀ ਵਾਸਤੇ ਕਰਦੇ ਹਨ ਪਰੰਤੂਇਨ੍ਹਾਂ ਦ ਨਾਲ ਆਪਨੇ ਮਨ ਤੇ ਹਉਮੈ ਦਾ ਰੋਗ ਨਹੀਂ ਜਾਂਦਾ ਇਸ ਤੇ ਮੁਕਤੀ ਦਾ ਹੋਣਾ ਅਸੰਭਵ ਅਰਥਾਤ ਬਿਲਕੁਲ ਗਲਤ ਹੈ।

ਸ੍ਰਕਾਰ ਨੇ ਅਜੇਹੇ ਮਾਮਲਿਆਂ ਵਿਚ ਅਕਸਰ ਕਾਨੂਨੀ ਸਹਾਇਤਾ ਨਾਲ ਦੇਸ ਨੂੰ ਕ੍ਰਿਤਾਰਥ ਕੀਤਾ ਤੇ ਸਿਖਾਂ ਦੇ ਅਸੂਲ ਪ੍ਰਚਲਤ ਕੀਤੇ।

(੪) ਸਿਖਾਂ ਦਾ ਧਰਮ (ਸਾਇੰਸ) ਅਰਥਾਤ ਉੱਚਬੁੱਧੀ ਨਾਲ ਵਾਸਤਾ ਰਖਦਾ ਹੈ। ਸ੍ਰਕਾਰ ਨੇ ਇਸ ਤਾਲੀਮ ਨੂੰ

ਭੋਲੇ ਭਾਲੇ ਲੋਕਾਂ ਨੂੰ ਪ੍ਰਕਾਸ਼ ਦੇ ਮੈਦਾਨ ਵਿਚ ਲਿਆਂਦਾ ਜਿਸ ਤੇ ਲੋਕਾਂ ਦੇ ਅਨੇਕ ਦੇਵੀ ਦੇਵਤਾ ਹੋਰ ਵਹਮੀ ਖਯਾਲ ਸੂਤਕ ਧੂਤਕੇ ਗ੍ਰਹ ਆਦਿਕ ਰੂਈ ਦੀ ਤਰਾਂ ਇਧਰ ਉਧਰ ਉਡਗਏ।

(੫) ਸ੍ਰੀ ਗੁਰੂ ਤੇਗਬਹਾਦਰ ਜੀ ਦੀ ਪੇਸ਼ੀਨ ਗੋਈ ਦਾ ਜ਼ਿਕਰ ਉਪਰ ਆ ਹੀ ਚੁਕਾ ਹੈ ਜਿਸਤੋਂ ਸਾਬਤ ਹੈ ਕਿ ਇੰਗਲਸ਼ੀਆ ਰਾਜ ਦੇ ਹੋਣ ਵਿਚ ਗੁਰੂ ਜੀ ਦੀ ਪੂਰਨ ਖੁਸ਼ੀ ਹੈ ਤੇ ਇਹ ਰਾਜ ਉਨ੍ਹਾਂ ਦੀ ਅੰਤਰਜਾਮਤਾ ਦਾ ਅਰਥਾਤ ਰੂਹਾਨੀ ਤਾਕਤ ਦਾ ਨਸ਼ਾਨ ਹੈ, ਜਿਸਤੇ ਸਿਖਾਂ ਦਾ ਜ਼ਰੂਰੀ ਫ਼ਰਜ ਹੈ ਕਿ ਇਸ ਰਾਜ ਨੂੰ ਦੇਖਕੇ ਪੂਰਨ ਖੁਸ਼ੀ ਤੇ ਪ੍ਰੇਮ ਸਰਧਾ ਪ੍ਰਗਟ ਕਰਨ॥

(੬) ਇਹ ਬਾਤ ਸੋਲਾ ਆਨੇ ਸਹੀ ਹੈ ਕਿ ਜੇ ਸਰਕਾਰ ਦਾ ਰਾਜ ਅਜ ਤਕ ਦੇਸ ਵਿਚ ਨਾ ਆਉਂਦਾ ਤਾਂ ਸਿਖਾਂ ਨੇ ਅਪਨੀ ਸਿੱਖ ਹਾਲਤ ਤੋਂ ਬਿਲਕੁਲ ਗਿਰ ਜਾਣਾ ਸੀ ਤੇ ਗਵਾਂਢੀ ਕੌਮਾਂ ਨੇ ਇਨ੍ਹਾਂ ਦਾ ਖਾਤਮਾ ਹੀ ਕਰ ਦੇਣਾ ਸੀ॥

(੭) ਇਸ ਵਕਤ ਵੀ ਸਿਵਾ ਸਰਕਾਰ ਦੀ ਕ੍ਰਿਪਾ ਤੋਂ ਸਿਖੀ ਦਾ ਪ੍ਰਚਾਰ ਹੋਣਾ ਮੁਸ਼ਕਲ ਹੈ ਕਿਉਂਕਿ ਕੁਝ ਅਰਸਾ ਹੋਇਆ ਹੈ ਕਿ ਜਦ ਪਿੰਡਾਂ ਯਾ ਸ਼ਹਿਰਾਂ ਦੀ ਸਿਖੀ ਦੀ ਹਾਲਤ ਬਹੁਤ ਸਾਰੀ ਗਿਰ ਚੁਕੀ ਸੀ ਅਰਥਾਤ ਪਿੰਡਾਂ ਵਿਚ ਬਾਣੀ ਦਾ ਪ੍ਰੇਮ ਤੇ ਰੈਹਤ ਦਾ ਸਤਕਾਰ ਨਾਮ ਮਾਤ੍ਰ ਹੀ ਰਹਿ ਗਿਆ ਸੀ, ਸਿਖ ਕਹਾਉਂਦਨ ਵਾਲੇ ਲੋਕ ਕੇਸਾਂ ਦੀ ਬੇਅਦਬੀ ਕਰਨੇ ਤਕ ਪਾਪ ਤੋਂ ਵੀ ਨਹੀਂ ਡਰਦੇ ਸਨ ਇਸੇ ਤਰਾਂ

ਸ਼ਹਿਰਾਂ ਵਿਚ ਨਏ ਲਿਖੇ ਪੜ੍ਹੇ ਜੰਟਲਮੈਨ ਆਰੀਆ ਆਦਿਕ ਸਮਾਜਾਂ ਦੇ ਭੜਕਦਾਰ ਲੈਕਚਰ ਸੁਣਕੇ ਅਪਣੇ ਸਿਖ ਧਰਮ ਦੀ ਵਾਕਫੀਅਤ ਨਾ ਹੋਣ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਾਤ ਤੋਂ ਸਖਣੇ ਹੋਗਏ ਸਨ ਪਰ ਸਿਖੀ ਦਾ ਪ੍ਰਚਾਰ ਜੋ ਕੁਝ ਸੀ ਉਹ ਸਰਕਾਰੀ ਫੌਜਾਂ ਰੂਪ ਸਮੁੰਦਰ ਵਿਚੋਂ ਹੀ ਪ੍ਰੇਮ ਭਿੰਨੀਆਂ ਲਹਰਾਂ ਉਛਲਦੀਆਂ ਸਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖਸ਼ੀ ਹੋਈ ਬਹਾਦਰੀ ਦਾ ਨਸ਼ਾਨ ਕਾਇਮ ਸੀ। ਖਾਸ ਕਰਕੇ ਸਿਖਾਂ ਨੂੰ ਫੌਜਾਂ ਵਿਚ ਭਰਤੀ ਕਰਨ ਵੇਲੇ ਹੁਕਮਨ ਅੰਮ੍ਰਿਤ ਛਕਾਉਂਦਾ ਤੇ ਰਹਿਤ ਬਹਿਤ ਦੀ ਤਾਕੀਦ ਕਰਨੀ ਅਕਸਰ ਵਰਦੀਆਂ ਵਿਚ ਕਫੈਹਰੇ ਸ਼ਾਮਲ ਹੋਣੇ ਇਹ ਤ੍ਰੀਕਾ ਸਿਖਾਂ ਦੀ ਮੁਰਦਾ ਜਿਹੀ ਹਾਲਤ ਪਰ ਇਕ ਅੰਮ੍ਰਿਤ ਦਾ ਕੰਮ ਕਰ ਰਿਹਾ ਸੀ॥

ਇਸਦਾ ਨਤੀਜਾ ਇਹ ਹੋਇਆ ਕਿ ਕੁਛ ਪੰਥ ਪਿਆਰਿਆਂ ਦੇ ਖਿਆਲ ਨਾਲ ਸਿੰਘ ਸਭਾਵਾਂ ਕਾਇਮ ਹੋਈਆਂ ਤਾਂ ਫੌਜੀ ਤਾਕਤ ਦੇ ਆਸਰੇ ਛੇਤੀ ਹੀ ਪ੍ਰਚਾਰ ਦੀ ਰੌਣਕ ਹੋਗਈ ਤੇ ਬਹੁਤ ਸਾਰੇ ਫੌਜੀ ਬਹਾਦਰਾਂ ਦੇ ਯਤਨ ਨਾਲ ਪਿੰਡਾਂ ਵਿਚ ਪ੍ਰਚਾਰ ਹੋਏ, ਆਖਰ ਫਿਰ ਸਿਖ ਪੰਥ ਦੀ ਤ੍ਰੱਕੀ ਦੀ ਧੁਨ ਸ਼ੁਰੂ ਹੋਈ ਜਿਸਦੇ ਵਾਸਤੇ ਅਨੇਕਾਂ ਜਤਨ ਕੀਤੇ ਜਾ ਰਹੇ ਹਨ॥

(੯) ਇਸ ਵੇਲੇ ਦੇਸ ਵਿਚ ਵਿਦਯਾ ਯਾ ਮਜ਼ਬੀ ਪ੍ਰਚਾਰ ਦਾ ਮੈਦਾਨ ਗਰਮ ਹੈ ਤੇ ਕਈ ਸੁਸਾਇਟੀਆਂ ਦੇ ਲੋਕ ਸਿਖਾਂ ਨੂੰ (ਜੈਸੇ ਕਿ ਪਿਛੇ ਦਸ ਆਏ ਹਾਂ) ਹੜੱਪ ਕਰਨ ਦਾ ਖਿਆਲ ਰਖਦੇ ਹਨ ਜਿਸਤੇ ਸਾਨੂੰ ਵੇਰ ਮੁਸ਼ਕਲ ਦਾ ਮੂੰਹ

ਦੇਖਣਾ ਪੈਂਦਾ ਹੈ ਕਿਉਂਕਿ ਅਸੀ ਇਸ ਵੇਲੇ ਵਿਦਯਾ ਆਦਿਕ ਕਈ ਮੈਦਾਨਾਂ ਵਿਚ ਲੋਕਾਂ ਨਾਲੋਂ ਪਿਛੇ ਹਾਂ ਇਸ ਹਾਲਤ ਵਿਚ ਵੀ ਅਸਾਡੀ ਜ਼ਿੰਦਗੀ ਦੀ ਸਿਰਫ ਕਾਇਮੀ ਹੀ ਨਹੀਂ ਬਲਕਿ ਤ੍ਰਕੀ ਦਾ ਵਸੀਲਾ ਸਿਰਫ ਸਰਕਾਰ ਦੀ ਇਨਸਾਫ ਪਸੰਦੀ (ਅਰਥਾਤ ਸਰਕਾਰ ਦਾ ਇਹ ਖਿਆਲ ਕਿ ਸਭ ਕੌਮਾਂ ਦੇ ਯਥਾ ਯੋਗ ਹਕ ਕਾਇਮ ਰਹਿਨ) ਹੀ ਹੈ ॥

(੯) ਸਰਕਾਰ ਤੋਂ ਪਹਿਲਾਂ ਸਿਖਾਂ ਨੇ ਸਿਵਾ ਪੰਜਾਬ ਤੋਂ ਹਿੰਦੁਸਤਾਨ ਦੇ ਦੂਸਰੇ ਸੂਬਿਆਂ ਵਿਚ ਭੀ ਪ੍ਰਚਾਰ ਦਾ ਖਿਆਲ ਨਹੀਂ ਕੀਤਾ ਸੀ ਹਾਲਾਂ ਕਿ ਉਨ੍ਹਾਂ ਜਗਾਂ ਵਿਚ ਲਖਾਂ ਆਦਮੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ ਨਾਲ ਪਿਆਰ ਕਰਨ ਵਾਲੇ ਤੇ ਸਿਖ ਧਰਮ ਦੇ ਖਾ-ਹਸ਼ਮੰਦ ਭੀ ਸਨ ਪਰ ਸਰਕਾਰ ਇੰਗਲਸ਼ੀਆ ਦੀ ਕ੍ਰਿਪਾ ਨਾਲ ਇਸ ਵੇਲੇ ਚੀਨ, ਅਫਰੀਕਾ, ਇੰਗਲਸਤਾਨ, ਅਮ-ਰੀਕਾ,ਅਸਟਰੇਲੀਆ ਆਦਿਕ ਦੂਰ ੨ ਦੇ ਮੁਲਕਾਂ ਵਿਚ ਸਿਖ ਧਰਮ ਦਾ ਝੰਡਾ ਕਾਇਮ ਹੋਗਿਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਮ ਦਾ ਨਗਾਰਾ ਬਜਾਇਆ ਗਿਆ ਹੈ ਏਹ ਇਕ ਹੋਰ ਸਿਖਾਂ ਨੂੰ ਸਰਕਾਰ ਦੇ ਧੰਨਵਾਦੀ ਬਣਾਉਂਦਾ ਹੈ।

(੧੦) ਉਪਰ ਲਿਖੇ (੯) ਸਬੰਧ ਤਾਂ ਅਸੀ ਦੱਸ ਹੀ ਚੁਕੇ ਹਾਂ ਕਿ ਸਿਖਾਂ ਨੂੰ ਸਰਕਾਰ ਦੇ ਲੋਇਲ ਬਣਨਾ ਅਪਣੀ ਕੌਮ ਨੂੰ ਤ੍ਰਕੀ ਦੇਣੀ ਗੁਰੂ ਸਾਹਿਬ ਜੀ ਦੀ ਖੁਸ਼ੀ ਲੈਣੀ ਹੈ

ਦਸਵਾਂ ਸਬੰਧ

ਹੈ ਕਿ ਅਕਸਰ ਗੁਰਬਾਣੀ ਦੀ ਸਿਖਿਆ ਇਸੇ ਗਲ ਵਿਚ ਹੈ ਜੋ ਇਨਸਾਫ-ਪਸੰਦ ਸਰਕਾਰ ਦਾ ਸਾਥ ਦੇਣ ਵਾਸਤੇ ਮਜਬੂਰ ਕਰਦੀ ਹੈ।

(ੳ) ਗੁਰ ਬਾਣੀ ਦੀ ਸਿਖਿਆ ਪੁਰਸ਼ ਨੂੰ ਏਹ ਨਹੀਂ ਦਸਦੀ ਕਿ ਉਸਦਾ ਕੋਈ ਇਕ ਇਲਾਕਾ ਹੀ ਦੇਸ ਹੈ ਬਲਕਿ ਦਸਦੀ ਹੈ ਕਿ ਸਾਰੀ ਦੁਨੀਆ ਹੀ ਪੁਰਸ਼ ਦਾ ਦੇਸ ਤੇ ਸਭ ਸਜਣ ਮਿਤ੍ਰ ਹੀ ਨਹੀਂ ਬਲਕਿ ਇਕ ਵਾਹਿਗੁਰੂ ਪਿਤਾ ਦੇ ਪੁਤ੍ਰ ਹਨ। ਯਥਾ:-

ਏਕ ਪਿਤਾ ਏਕਸ ਕੇ ਹਮ ਬਾਰਕ ਤੂੰ ਮੇਰਾ ਗੁਰਹਾਈ। ਸੋਰਠ ਮ: ੫

ਪੁਨਾ:-ਮਨ ਅਪਨੇ ਤੇ ਬੁਰਾ ਮਟਾਨਾ।
ਪੇਖੈ ਸਗਲ ਸ੍ਰਿਸਟ ਸਾਜਨਾ।

ਗਉੜੀ ਸੁਖਮਨੀ ਮ: ੫

ਭਾਵ-ਇਨਾਂ ਗੁਰਵਾਕਾਂ ਤੋਂ ਸਾਬਤ ਹੈ ਕਿ ਸਿਖ ਸਿਰਫ ਹਿੰਦੁਸਤਾਨ ਦੇ ਲੋਕਾਂ ਨੂੰ ਅਪਣੇ ਸ੍ਵਦੇਸੀ ਨਹੀਂ ਕਹਿ ਸਕਦਾ ਬਲਕਿ ਉਸਦਾ ਖਿਆਲ ਸਭ ਨੂੰ ਏਕਤਾ ਕਰਨ ਪਰ ਹੈ ਅਰਥਾਤ ਸਾਰੀ ਦੁਨੀਆਂ ਨੂੰ ਅਪਣਾ ਦੇਸ਼ ਸਮਝਦਾ ਹੈ।

(ਅ) ਗੁਰਬਾਣੀ ਪੁਰਸ਼ ਵਾਸਤੇ ਇਹ ਸਿਖਯਾ ਨਹੀਂ

ਦਿੰਦੀ ਕਿ ਉਹ ਅਪਣਾ ਰਾਜ ਕਾਇਮ ਕਰਕੇ ਮੌਜਾਂ ਉਡਾਵੇ ਬਲਕਿ ਸਿਖਮਤ ਵਿਚ ਲਾਹਾ ਵਾਹਿਗੁਰੂ ਮਿਲਨ ਤੋਂ ਹੈ। ਤੇ ਦੁਨੀਆਂ ਦੇ ਰਾਜ ਭਾਗ ਨੂੰ ਇਕ ਦੁਖ ਯਾ ਫਿਕਰ ਦਾ ਘਰ ਸਮਝਿਆ ਹੈ ਯਥਾ:—

ਸਗਲ ਸ੍ਰਿਸਟ ਕੋ ਰਾਜਾ ਦੁਖੀਆ।
ਹਰਿ ਕਾ ਨਾਮ ਜਪਤ ਹੁਇ ਸੁਖੀਆ॥

ਗਉੜੀ ਸੁਖਮਨੀ ਮ: ੫

ਭਾਵ—ਇਸ ਗੁਰਵਾਕ ਤੋਂ ਇਹ ਸਿਖ੍ਯਾ ਮਿਲਦੀ ਹੈ ਕਿ ਪੁਰਸ਼ ਕਦੀ ਰਾਜ ਪਾਟ ਦੀ ਖ੍ਵਾਹਸ਼ ਵਿਚ ਆਕੇ ਭਜਨ ਤੇ ਅਪਣੇ ਹੋਰ ਆਤਮਕ ਅਸੂਲਾਂ ਤੋਂ ਨਾ ਗਿਰੇ ਅਰਥਾਤ ਰਾਜ ਭਾਗ ਜਿਸ ਜਗਾ ਕਾਇਮ ਹੋਵੇ ਉਸੇ ਨੂੰ ਵਫਾਦਾਰੀ ਨਾਲ ਸਿਰ ਝੁਕਾਉਂਦਾ ਹੋਇਆ ਅਪਣੀ ਜਿੰਦਗੀ ਦਾ ਨਸ਼ਾਨਾ ਪੂਰਨ ਪ੍ਰੇਮ ਹੀ ਰਖੇ।

(ੲ) ਬਹੁਤ ਸਬਦਾਂ ਵਿਚ ਗੁਰਬਾਣੀ ਪੁਰਸ਼ ਨੂੰ ਹਮੇਸ਼ਾ ਅਪਨੇ ਸ੍ਵਾਮੀ ਦਾ ਵਫਾ- ਦਾਰ ਰਹਣ ਦੀ ਸਿਖ੍ਯਾ ਦਿੰਦੀਹੈ। ਯਥਾ:-

(੧) ਲਸਕਰੀਆ ਘਰ ਸੰਮਲੇ ਆਏ ਵਜਹੁ ਲਖਾਇ॥ ਕਾਰ ਕਮਾਵਹਿ ਸਿਰੁ

ਧੁਰੀ ਲਾਹਾ ਪਲੈ ਪਾਇ॥ ਲਬੁ ਲੋਭੁ ਬੁਰਿਆਈਆ ਛੋਡੇ ਮਨਹੁ ਵਿਸਾਰਿ॥ਗੜਿ ਦੋਹੀ ਪਾਤਿਸਾਹ ਕੀ, ਕਦੇ ਨ ਆਵੈ ਹਾਰਿ॥ ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ॥ ਵਜਹੁ ਗਵਾਏ ਅਪਣਾ ਤਖਤ ਨ ਬੈਸਹਿ ਸੇਇ॥ ਰਾਮਕਲੀ ਓਅੰਕਾਰ ਮਃ ੧

ਭਾਵਾਰਥঃ—ਫੌਜੀ ਲੋਕ ਤਨਖਾਹ ਕਾਇਮ ਕਰਕੇ ਆਪਨੇ ੨ ਕਿਲੇ ਪਰ ਕਾਇਮ ਹੁੰਦੇ ਹਨ ਜੋ ਆਪਨੇ ਸ੍ਵਾਮੀ ਦਾ ਹੱਥ ਅਪਨੇ ਸਿਰ ਪਰ ਸਮਝ ਕੇ ਉਸਦੀ ਫਰਮਾਂਬਰਦਾ-ਰੀ ਕਰਨ ਤਾਂ ਲਾਭ ਉਠਾ ਸਕਦੇ ਹਨ, ਇਸ ਤੇ ਫੌਜੀਆਂ ਦਾ ਧਰਮ ਹੈ ਕਿ ਅਪਨੇ ਦਿਲੋਂ ਨਿਸਕਪਟ ਹੋਕੇ ਮਾਲਕ ਦੀ ਸੇਵਾ ਕਰਨ ਹਮੇਸ਼ਾ ਅਪਨੇ ਮਾਲਕ ਦੀ ਜੈ ਦਾ ਖਯਾਲ ਰਖਨ ਜੇੜ੍ਹਾ ਆਦਮੀ ਮਾਲਕ ਦਾ ਨੌਕਰ ਉਸ ਨਾਲ ਝਗ-ੜਾ ਕਰਕੇ ਸਾਮਨੇ ਉਤ੍ਰ ਦੇਵੇ ਓਹ ਨਾ ਤਾਂ ਅਪਨੀ ਤਨਖਾਹ ਦਾ ਹੱਕਦਾਰ ਹੈ ਤੇ ਅਪਨੇ ਸਾਰੇ ਦਰਜਿਆਂ ਓਹਦਿਆਂ ਨੂੰ ਖੋਕੇ ਦੀਨ ਦੁਨੀਆਂ ਤੋਂ ਗਿਰ ਜਾਂਦਾ ਹੈ॥

(੨)ਸੁਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ ਨਾਨਕ ਦੋਵੈ ਕੂੜੀਆ ਥਾਇ

ਨ ਕਾਈ ਪਾਇ ॥ ਵਾਰ ਆਸਾ ਮ: ੧

ਭਾਵ—ਸਲਾਮ ਕਰਕੇ ਫੇਰ ਅਪਨੇ ਸ੍ਵਾਮੀ ਨੂੰ ਜਵਾਬ ਦੇਣ ਵਾਲਾ ਨੌਕਰ ਧੁਰੋਂ ਹੀ ਭੁਲ ਗਿਆ ਹੈ ਉਸ ਦਾ ਕਰਤਬ ਸਾਰਾ ਹੀ ਝੂਠ ਹੈ ਤੇ ਨਾਂ ਉਸਦੀ ਕੋਈ ਕੀਤੀ ਕਾਰ ਨੇਕੀ ਵਿਚ ਸ਼ਾਮਲ ਹੋ ਸਕਦੀ ਹੈ ॥

(੩) ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥ ਘਲਾ ਕਰੇ ਘਨੇਰੀਆ ਖਸਮ ਨ ਪਾਏ ਸਾਦੁ ॥ ਆਪ ਗਵਾਇ ਸੇਵਾ ਕਰੇ ਤਾਂ ਕਿਛੁ ਪਾਏ ਮਾਨੁ ॥ ਆਸਾ ਵਾਰ ਮ: ੧

ਭਾਵ—ਇਕ ਚਾਕਰ ਚਾਕਰੀ ਕਰਦਾ ਹੋਇਆ ਜੇ ਫਿਰ ਵੀ ਅਪਣੇ ਸ੍ਵਾਮੀ ਨਾਲ ਝਗੜਾ ਫ਼ਸਾਦ ਰਖੇ ਓਹ ਮਾਲਕ ਨੂੰ ਖੁਸ਼ ਨਹੀਂ ਕਰ ਸਕਦਾ ਭਾਵੇਂ ਬਹੁਤੀਆਂ ਗੱਲਾਂ ਕਰਨ ਵਾਲਾ ਚਤ੍ਰ ਵੀ ਕਿਉਂ ਨਾ ਹੋਵੇ। ਇਸ ਤੇ ਨੌਕਰ ਦਾ ਫਰਜ਼ ਹੈ ਕਿ ਅਪਨਾ ਮਾਨ ਹਾਸਲ ਕਰਨ ਵਾਸਤੇ ਸ੍ਵਾਮੀ ਦੀ ਸੇਵਾ ਹੀ ਕਰੇ॥

(੪) ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥ ਨਾਨਕ ਸੇਵਕ ਕਾਢੀਐ ਜੇ ਸੇਤੀ ਖਸਮ ਸਮਾਇ ॥

ਪੁਨਾ:—ਏਹ ਕਨੰਹੀ ਦਾਤ ਆਪਸ ਤੇ ਜੋ ਪਾਈਐ॥ ਨਾਨਕ ਸਾ ਕਰਮਾਤ ਸਾਹਬ ਤੁਠੈ ਜੋ ਮਿਲੈ॥ ਵਾਰ ਆਸਾ ਮਹਲਾ ੧

ਭਾਵ—ਕਈ ਨੌਕਰ ਅਪਣੇ ਸ੍ਵਾਮੀ ਦਾ ਪ੍ਰੇਮ ਦਿਲ ਵਿਚ ਨਹੀਂ ਰਖਦੇ ਤੇ ਉਸਦੇ ਡਰ ਨਾਲ ਬੱਧੇ ਰੁੱਧੇ ਕੰਮ ਕਰਦੇ ਹਨ, ਇਸ ਤਰਾਂ ਦੀ ਨੌਕਰੀ ਬਜਾਉਂਣ ਵਾਲਾ ਨਕੰਮਾ ਆਦਮੀ ਨੌਕਰ ਹੀ ਕਿਉਂ ਹੋਇਆ ਜੇ ਨੌਕਰ ਸ੍ਵਾਮੀ ਦੇ ਕੰਮ ਵਿਚੋਂ ਖਯਾਨਤ ਕਰਕੇ ਦੌਲੰਤ ਦਾ ਫਾਇਦਾ ਉਠਾਵੇ ਤਾਂ ਵੀ ਉਹ ਬੇਈਮਾਨੀ ਹੈ ਕਿਉਂਕਿ ਉਹ ਪਦਾਰਥ ਸ੍ਵਾਮੀ ਨੇ ਖੁਸ਼ ਹੋਕੇ ਅਨਾਮ ਦੇ ਤੌਰ ਪਰ ਦਾਨ ਨਹੀਂ ਕੀਤਾ ਇਸ ਲਈ ਨੌਕਰ ਵਾਸਤੇ ਓਹੀ ਪਦਾਰਥ ਫਾਇਦੇ ਮੰਦ ਹੈ ਜੋ ਮਾਲਕ ਨੇ ਪ੍ਰਸੰਨ ਹੋਕੇ ਇਕ ਤਰਾਂ ਦਾ ਇਨਾਮ ਬਖਸ਼ਿਆ ਹੈ ਤੇ ਨੌਕਰ ਕਹਾਉਂਣ ਦਾ ਓਹੀ ਸ਼ਖਸ ਹੱਕਦਾਰ ਹੈ ਜਿਸਦੀ ਰਾਇ ਕਦੇ ਅਪਨੇ ਸ੍ਵਾਮੀ ਨਾਲੋਂ ਅਲੈਹਦਾਂ ਨਹੀਂ ਤੇ ਹਮੇਸ਼ਾਂ ਅਪਣੇ ਮਾਲਕ ਦੀ ਹਾਂ ਵਿਚ ਹਾਂ ਰਖੇ ਨੌਕਰ ਦਾ ਮਾਲਕ ਨਾਲ ਉਹ ਵਾਸਤਾ ਹੋਵੇ ਜੈਸਾ ਕਿ: ਪਰਛਾਵੇਂ ਦਾ ਸੂਰਜ ਨਾਲ, ਤੇ ਓਹ ਨੌਕਰੀ ਕਿਸੇ ਕੰਮ ਨਹੀਂ ਜਿਸ ਵਿਚ ਨੌਕਰ ਬਾਹਰੋਂ ਤਾਂ ਡਰਦਾ ਹੋਇਆ

ਹਾਂ ਹਾਂ ਕਰਦਾ ਹੈ ਤੇ ਅੰਦਰ ਕਪਟ ਫਰੇਬ ਹੈ। ਸਚੇ ਨੌਕਰ ਨੂੰ ਮਾਲਕ ਦਾ ਡਰ ਹੋਣ ਦੀ ਭੀ ਲੋੜ ਨਹੀਂ ਕਿਉਂਕਿ ਡਰ ਉਸਨੂੰ ਹੈ ਜਿਸਨੇ ਮਾਲਕ ਨੂੰ ਬਗਾਨਾ ਸਮਝਿਆ ਹੈ ਤੇ ਉਸ ਡਰ ਤੋਂ ਬਜਾਇ ਅਦਬ ਯਾ ਪ੍ਰੇਮ ਦੇ ਖ਼ੁਦ ਗਰਜੀ ਯਾ ਧੋਖਾ ਪੈਦਾ ਹੁੰਦਾ ਹੈ ਇਸ ਲਈ ਸਚੇ ਨੌਕਰ ਸ੍ਵਾਮੀ ਦੇ ਕੰਮ ਨੂੰ ਅਪਣਾ ਕੰਮ ਸਮਝ ਕੇ ਅਦਬ ਮੁਹਬਤ ਤੇ ਸਿਦਕ ਨਾਲ ਕਰਦੇ ਹਨ।

(੫) ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤ ਸੁਆਮੀ ॥

ਗਉੜੀ ਸੁਖਮਨੀ ਮ:੫

ਭਾਵ–ਜੇ ਸੇਵਕ ਬਿਨਾਂ ਕਿਸੇ ਮਤਲਬ ਅਰਥਾਤ ਅਪਨਾ ਫਰਜ਼ ਜਾਨ ਕੇ ਟਹਲ ਕਰੇ ਤਾਂ ਉਸਨੂੰ ਪ੍ਰਸੰਨ ਹੋਕੇ ਮਾਲਕ ਗਲ ਲਾਵੇਗਾ ॥

(੬) ਸੇਵਕ ਕਉ ਸੇਵਾ ਬਨਿ ਆਈ ॥
ਹੁਕਮ ਬੂਝ ਪਰਮ ਗਤ ਪਾਈ ॥

ਗਉੜੀ ਸੁਖਮਨੀ ਮ:੫

ਭਾਵ—ਸੇਵਕ ਦਾ ਫਰਜ ਹੀ ਸੇਵਾ ਕਰਨਾ ਹੈ ਅਜੇਹਾ ਸੇਵਕ ਅਪਨੇ ਮਾਲਕ ਦਾ ਹੁਕਮ ਮੰਨਕੇ ਪਰਮਗਤ ਅਰਥਾਤ ਪੂਰਾ ਸੁਖ ਹਾਸਲ ਕਰਦਾ ਹੈ॥

(੭) ਗੁਨਹਗਾਰ ਲੂਣ ਹਰਾਮੀ। ਪਾਹਨ ਨਾਵਨ ਪਾਰਗਰਾਮੀ॥ ਸੂਹੀ ਮਃ ੫

ਭਾਵ—ਲੂਣ ਖਾਕੇ ਹਰਾਮ ਕਰਨ ਵਾਲਾ ਪੂਰਾ ਗੁਨਾਹੀਂ ਯਾਨੇ ਪਾਪੀ ਹੈ ਜਿਸਤਰਾਂ ਪੱਥਰ ਦੀ ਕਿਸ਼ਤੀ ਉਪਰ ਚੜ੍ਹਨ ਵਾਲਾ ਗਹਰੀ ਧਾਰਾ ਵਿਚ ਡੁਬਦਾ ਹੈ ਇਸੇ ਤਰਾਂ ਲੂਣ ਹਰਾਮੀ ਭੀ ਪਾਪ ਦੀ ਕਿਸ਼ਤੀ ਵਿਚ ਸਵਾਰ ਹੈ ਜੋ ਦੀਨ ਦੁਨੀਆਂ ਵਿਚ ਬਦਨਾਮ ਹੋਕੇ ਜਹੰਨਮ ਦੇ ਦਰਿਆ ਵਿਚ ਡੁਬੇਗਾ।

(੮) ਵਾਰੀ ਖਸਮ ਕਢਾਏ ਕਿਰਤ ਕਮਾਵਣਾ। ਮੰਦਾ ਕਿਸੇ ਨ ਆਖ ਝਗੜਾ ਪਾਵਣਾ। ਨਹ ਪਾਇ ਝਗੜਾ ਸੁਆਮ ਸੇਤੀ ਆਪ ਆਪ ਵੰਞਾਵਣਾ। ਜੋ ਦੇਇ ਸਹਣਾ ਮਨਹ ਕਹਣਾਂ ਆਖਨਾਹੀ ਵਾਵਣਾ। ਵਾਰੀ ਖਸਮ ਕਢਾਏ ਕਿਰਤ ਕਮਾਵਣਾ॥

ਭਾਵ—ਵਾਰੀ ਜਾਵਾਂ ਖਸਮ ਦੇ ਹੁਕਮ ਤੋਂ ਉਸ ਹੁਕਮ ਅਨੁਸਾਰ ਹੀ ਸਭ ਕੁਝ ਕਰਨਾ ਹੈ ਹੋਰ ਕਿਸੇ ਨੂੰ ਬੁਰਾ ਭੁਲਾ ਕਹਿਕੇ ਝਗੜੇ ਦੀ ਲੋੜ ਨਹੀਂ ਪਰ ਸੁਆਮੀ ਨਾਲ ਤਾਂ ਝਗੜਾ ਕਦੇ ਵੀ ਕਰਨਾ ਯੋਗ ਨਹੀਂ ਕਿਉਂ ਕਿ ਉਸ ਝਗੜੇ ਤੋਂ ਅਪਣੇ ਅਸਲੀ ਫਰਜ਼ ਦਾ ਨੁਕਸਾਨ ਹੈ ਜੇ ਉਸ ਮਾਲਕ ਨਾਲ ਸ਼ਾਮਲ ਹੋਕੇ ਫਿਰ ਬਰਾਬਰੀ ਕਰੀਏ ਤਾਂ ਉਸਦੇ ਗੁਸੇ ਦਾ ਫਲ ਦੁਖ ਹੋਵੇਗਾ ਤਾਂ ਕਿਸ ਪਾਸ ਰੋਕੇ ਫਰਿਆਦ ਕਰਾਂ ਗੇ। ਬਸ ਜੋ ਸੁਖ ਦੁਖ ਦੇਵੇ ਉਹ ਸਹਾਰਨਾ ਤੇ ਕਹਣਾ ਮੰਨਣਾ ਹੀ ਧਰਮ ਹੈ ਮਾਲਕ ਦੀ ਰਜ਼ਾ ਤੋਂ ਉਲਟ ਆਖਕੇ ਐਵੇਂ ਹਵਾ ਦੀ ਤਰਾਂ ਮੂੰਹ ਨਹੀਂ ਬਜਾਉਂਣਾ ਅਰਥਾਤ ਬਕ-ਵਾਸ ਨਹੀਂ ਕਰਨਾ ਮੁਕਦੀ ਗੱਲ ਖਸਮ ਦੇ ਕਹੇ ਬਚਨਾਂ ਤੋਂ ਵਾਰੇ ੨ ਜਾਈਏ ਤੇ ਉਨ੍ਹਾਂ ਦੇ ਅਨੁਸਾਰ ਹੀ ਆਪਣੀ ਕਿਰਤ ਵਿਰਤ ਕਰੀਏ ॥

(੯) ਜੇ ਕੋ ਆਪ ਗਵਾਇਕੈ ਪਾਤ-ਸ਼ਾਹਾ ਤੇ ਆਕੀ ਹੋਵੈ। ਹੁਇ ਕਤਲਾਮ ਹਰਾਮ ਖੋਰ ਕਾਠ ਨ ਖਫਣ ਚਿਤਾ ਨ ਹੋਵੈ॥

ਭਾਈ ਗੁਰਦਾਸ ਜੀ ਵਾਰ ੨੯ ਪੌੜੀ ਛੇਵੇਂ

ਭਾਵ—ਜੋਹੜੇ ਪੁਰਸ਼ ਆਪਣੇ ਘੁਮੰਡ ਵਿਚ ਆਕੇ ਪਾਤਸ਼ਾਹਾਂ ਤੋਂ ਆਕੀ ਹੋਕੇ ਲੂਣ ਹਰਾਮੀ ਬਣਦੇ ਹਨ, ਉਨ੍ਹਾਂ ਵਾਸਤੇ ਸਜ਼ਾ ਕਤਲ ਦੀ ਹੈ ਤੇ ਉਨ੍ਹਾਂ ਤਾਈਂ ਲੱਕੜਾਂ ਤੇ ਚਿਖਾ ਤੇ ਖੱਫਣ ਕਬਰ ਇਹ ਸਭ ਕੁਝ ਹੀ ਮਿਲਨਾ ਮੁਸ਼ਕਲ ਹੈ, ਇਸੇ ਤਰਾਂ ਪ੍ਰਸਿੱਧ ਹੈ ਜਿਸਦੀ ਲੋਕ ਵਿਚ ਇਹ ਦਸ਼ਾ ਹੈ ਤੇ ਪ੍ਰਲੋਕ ਵਿਚ ਭੀ ਇਹੋ ਹਾਲ ਹੋਵੇਗਾ ॥

(੧੦)ਅਮਰ ਚਲਾਵੈ ਚੰਮ ਦੇ ਚਾਕਰ ਵੇਚਾਰੇ। ਭਾਃ ਗੁਰਦਾਸ

ਭਾਵ—ਅਗਰ ਮਾਲਕ ਆਪਣੇ ਹੁਕਮ ਨਾਲ ਚੰਮ ਦੇ ਦੰਮ ਭੀ ਚਲਾਵੇ ਤਦ ਭੀ ਚਾਕਰ ਦਾ ਧਰਮ ਹੈ ਕਿ ਬਿਲਕੁਲ ਉਨ੍ਹਾਂ ਨੂੰ ਸੋਨੇ ਯਾ ਚਾਂਦੀ ਦੇ ਸਿਕਿਆਂ ਬਰਾਬਰ ਵੀਚਾਰੇ ਅਰਥਾਤ ਸਮਝੇ।

(੧੧) ਚਾਕਰ ਸਭ ਸਦਾਇਦੇ ਸਾਹਿਬ ਦਰਬਾਰੇ। ਨਿਵ ਨਿਵ ਕਰਨ ਜੁਹਾਰੀਆ ਸਭ ਸੈਹਥੀ ਆਰੇ। ਮਜਲਸ ਬਹਿ ਬਾਫਾਇਦੇ ਬੋਲ ਬੋਲਨ ਭਾਰੇ। ਗਲੀਏ

ਤੁਰੇ ਨਚਾਇਦੇ ਗਜ ਗਾਹ ਸਵਾਰੇ। ਰਣ ਵਿਚ ਘਾਣਿਆ ਜਾਣੀਏ ਜੋਧ ਭਜਨ ਹਾਰੇ। ਤਿਉ ਸਾਗ ਸੰਵਾਪਣ ਸਨਮੁਖਾਂ ਬੇਮੁਖ ਹਤਿਆਰੇ ॥ ੧੯ ॥

ਭਾਈ ਗੁਰਦਾਸ ਵਾਰ ੩੫

ਭਾਵ—ਸ਼ਾਹੀ ਦਰਬਾਰ ਵਿਚ ਸਾਰੇ ਹੀ ਨੌਕਰ ਕਹਾਉਂਦੇ ਹਨ ਹਥਿਆਰਾਂ ਸਮੇਤ ਨਮਸਕਾਰ ਭੀ ਕਰਦੇ ਹਨ ਦਰਬਾਰ ਵਿਚ ਸਾਰੇ ਹੀ ਆਪਣੇ ਆਪ ਨੂੰ ਬਹਾਦਰ ਕਹਾਉਨ ਦਾ ਖਿਆਲ ਰਖਦੇ ਹਨ ਤੇ ਖੂਬ ਗੱਪਾਂ ਮਾਰਦੇ ਹਨ ਸਾਰੇ ਹੀ ਬਜਾਰਾਂ ਵਿਚ ਘੋੜੇ ਕੁਦਾਉਂਦੇ ਹਨ ਤੇ ਸੰਜੋ-ਆ ਟੋਪੇ ਵੀ ਪਹਿਰਦੇ ਹਨ ਪਰ ਜੰਗ ਵਿਚ ਜਾਕੇ ਸੂਰਮਤਾਂ ਤੇ ਭੱਜਣ ਵਾਲਿਆਂ ਕਾਇਰਾਂ ਦਾ ਪਤਾ ਲਗਦਾ ਹੈ ਇਸੇ ਤਰਾਂ ਪਰਮੇਸੁਰ ਦੇ ਸਨਮੁਖ ਰਹਿਨ ਵਾਲੇ ਭਗਤਾਂ ਦਾ ਪਤਾ ਭੀ ਵੇਲੇ ਸਿਰ ਹੀ ਲਗਦਾ ਹੈ ਨਹੀਂ ਤਾਂ ਅੱਛਾ ਭੇਖ ਧਾਰ ਕੇ ਬਹੁਤੇ ਡਿੰਭੀ ਲੋਗ ਭਗਤ ਯਾ ਸੰਤ ਕਹਾ ਸਕਦੇ ਹਨ ਇਸਤੋਂ ਸਿੱਖਯਾ ਮਿਲਦੀ ਹੈ ਕਿ ਸਰਕਾਰੀ ਬਹਾਦਰ ਹਮੇਸ਼ਾ ਆਪਣੀ ਡੀਂਮ ਡਾਂਮ ਨੂੰ ਫੌਜੀ ਨੌਕਰੀ ਨਾ ਸਮਝਣ

ਬਲੌਕਿ ਜੰਗ ਵਿਚ ਜਾਕੇ ਆਪਣੀ ਬਹਾਦਰੀ ਦਿਖਾਵਨੇ।

(੧੨)ਖਾਧੇ ਲੂਣ ਗੁਲਾਮ ਹੋਇ ਪੀਹ ਪਾਣੀ ਢੋਵੈ। ਲੂਣ ਖਾਨਿ ਕਰ ਚਾਕਰੀ ਰਣ ਟੁਕ ਟੁਕ ਹੋਵੈ। ਲੂਣ ਖਾਇ ਧੀ ਪੁਤ ਹੋਇ ਸਭ ਲੱਜਾ ਧੋਵੈ। ਲੂਣ ਵਣੋਟਾ ਖਾਇਕੈ ਹਥ ਜੋੜ ਖਲੋਵੈ। ਵਾਟ ਵਟਾਊ ਲੂਣ ਖਾਇ ਗੁਣ ਕੰਠ ਪਰੋਵੈ। ਲੂਣ ਹਰਾਮੀ ਗੁਨਹਗਾਰ ਮਰ ਜਨਮ ਵਿਗੋਵੈ॥

ਭਾਈ ਗੁਰਦਾਸ ਵਾਰ ੩੫

ਭਾਵ—ਘਰ ਦਾ ਗੁਲਾਮ ਲੂਣ ਖਾਣ ਦੇ ਕਾਰਨ ਹੀ ਪਾਣੀ ਢੋਂਦਾ ਆਟਾ ਪੀਸਦਾ ਹੈ ਇਸੇ ਤਰਾਂ ਫੌਜੀ ਨੌਕਰ ਨਮਕ ਹਲਾਲ ਕਰਨ ਲਈ ਆਪਣੀ ਦੇਹੀ ਦੇ ਟੁਕੜੇ ਟੁਕੜੇ ਕਰਕੇ ਜੰਗ ਨੂੰ ਸੋਭਾ ਬਖਸ਼ਦੇ ਹਨ। ਇਕ ਬਗਾਨੇ ਜੰਮਿਆਂ ਜਾਯਾ ਲੜਕਾ ਜਦ ਕਿਸੇ ਭਾਗਵਾਨ ਦੇ ਹੱਥ ਲਗਦਾ ਹੈ ਤਾਂ ਸਿਰਫ ਲੂਣ ਖਾਕੇ ਉਸਦਾ ਪਾਲਕ ਪੁਤ੍ਰ ਕਹਾਕੇ ਸਾਰੇ ਤੁਖਮੀ ਉਲਾਦ ਵਾਲੇ ਹੱਕ ਸਾਂਭਦਾ ਹੈ ਵਣੋਟਾ

(ਅਸਾਮੀ) ਅਪਣੇ ਸਾਹੂਕਾਰ ਦਾ ਲੂਣ ਖਾਂਦਾ ਹੈ ਇਸਤੇ ਓਹ ਹਮੇਸ਼ਾ ਹੱਥ ਜੋੜਕੇ ਦੌਲਤਮੰਦ ਨੂੰ ਖੁਸ਼ ਕਰਦਾ ਹੈ, ਜੇ ਰਸਤੇ ਜਾਂਦਾ ਰਾਹੀ ਇਕ ਵਾਰੀ ਵੀ ਕਿਸੇ ਲੰਗਰ ਯਾ ਕਿਸੇ ਪ੍ਰੇਮੀ ਦੇ ਘਰ ਦਾ ਲੂਣ ਖਾਜਾਵੇ ਤਾਂ ਸਾਰੀ ਉਮਰਉਸਦੇ ਗੁਣ ਗਾਉਂਦਾ ਹੈ ਇਸ ਤੇ ਲੂਣ ਖਾਕੇ ਹਰਾਮ ਕਰਨੇ ਵਾਲਾ ਪੁਰਸ਼ ਹਮੇਸ਼ਾ ਪਾਪੀ ਹੈ, ਬਸ ਸਿੱਖਯਾ ਮਿਲਦੀ ਹੈ ਕਿ ਆਪਣੇ ਮਾਲਕ ਅਰਥਾਤ ਸਰਕਾਰ ਦਾ ਲੂਣ ਖਾਕੇ ਫੌਜੀ ਅਤੇ ਦੂਸਰੇ ਸਾਰੇ ਹੀ ਪਰਜਾ ਦੇ ਲੋਕਾਂ ਦਾ ਧਰਮ ਹੈ ਕਿ ਵਫਾਦਾਰ ਰਹਿਨ।

(੧੩) ਚੋਰ ਗਿਆ ਘਰ ਸਾਹ ਦੇ ਘਰ ਅੰਦਰ ਵੜਿਆ। ਕਛਾ ਕੂਨਾ ਭਾਲਦਾ ਚਉਬਾਰੇ ਚੜ੍ਹਿਆ। ਸੁਇਨਾ ਰੁਪਾ ਪੰਡ ਬੰਨ ਅਗਲਾਈ ਅੜਿਆ। ਲੋਭ ਲਹਰ ਹਲਕਾਇਆ ਲੂਣ ਹਾਂਡਾ ਫੜਿਆ। ਚੁਖਕ ਲੈਕੇ ਚਖਿਆ ਤਿਸ ਕਖ ਨ ਖੜਿ-ਔਆ। ਲੂਣਹਰਾਮੀ ਗੁਨਾਗਾਰ ਧੜ ਧੰਮੜ

ਧੜਿਆ ॥ ੧੦ ॥ ਭਾਈ ਗੁਰਦਾਸ ਵਾਰ ੩੫

ਭਾਵ—ਇਕ ਚੋਰ ਸ਼ਾਹੂਕਾਰ ਦੇ ਘਰ ਵਿਚ ਜਾਕੇ ਦੇਖ ਭਾਲ ਕਰਨ ਲੱਗਾ, ਖੰਡ ਦੇ ਭੁਲੇਖੇ ਲੂਣ ਦੇ ਹਾਂਡੇ ਵਿਚੋਂ ਥੋੜਾ ਜਿਹਾ ਲੂਣ ਖਾ ਬੈਠਾ ਬੱਸ ਸਾਰਾ ਹੀ ਮਾਲ ਜੋ ਕਿ ਹੱਥ ਲੱਗਾ ਸੀ ਤਿਆਗ ਦਿੱਤਾ ਕਿਉਂਕਿ ਲੂਣ ਹਰਾਮੀ ਮਹਾਂਪਾਪੀ ਗਿਣਿਆ ਜਾਂਦਾਹੈ ਔਰ ਧੜਾ ਧੜ ਦੀਨਦੁਨੀਆਂ ਵਿੱਚ ਮਾਰ ਪੈਂਦੀ ਹੈ।

(੧੪) ਸਾਹਬ ਸਉਹੇ ਆਪਣੇ ਹਥਿਆਰ ਨ ਫੜੀਐ ॥

ਵਾਰ ੩੪ ਪੌੜੀ ੨੧

ਭਾਵ—ਕਦੇ ਆਪਣੇ ਮਾਲਿਕ ਦੇ ਸਾਹਮਣੇ ਹਥਯਾਰ ਨਾ ਫੜੋ ॥

(੧੫) ਮਦ ਵਿਚ ਰਿਧਾ ਪਾਇਕੈ ਕੁਤੈ ਦਾ ਮਾਸ। ਧਰਿਆ ਮਾਨਸ ਖੋਪਰੀ ਤਿਸ ਮੰਦੀ ਵਾਸ। ਰਤੂ ਭਰਿਆ ਕਪੜਾ ਕਰ ਕਜਣ ਤਾਸ। ਢਕ ਲਚਲੀ ਚੂਹੜੀ ਕਰ ਭੋਗ ਬਿਲਾਸ। ਆਖ ਸੁਣਾਏ ਪੁਛਿ-

**ਆਂ ਲਾਂਹੇ ਬਿਸਵਾਸ । ਨਜਰੀ ਪਵੇ ਅਕਿ
ਰਤਘਣ ਮਤ ਹੋਇ ਵਿਣਾਸ ॥**

ਭਾਈ ਗੁਰਦਾਸ

ਭਾਵ—ਇਕ ਚੂਹੜੀ ਆਦਮੀ ਦੀ ਖੋਪਰੀ ਜਿਸ ਵਿਚ ਕੁੱਤੇ ਦਾ ਮਾਸ ਪਾਕੇ ਸ਼ਰਾਬ ਵਿਚ ਰਿੰਨਿਜਾਂ ਥਾ ਉਸਨੂੰ ਲਹੂ ਦੇ ਭਿੱਜੇ ਕਪੜੇ ਨਾਲ ਢਕਕੇ ਬਜਾਰ ਵਿਚ ਲਂਈ ਜਾਂਦੀ ਸੀ ਕਿਸੇ ਨੇ ਪੁੱਛਿਆ ਕਿ ਅਜੇਹੀ ਅਪਵਿਤ੍ਰ ਚੀਜ਼ ਕਿਉਂ ਢਕਕੇ ਲਿਜਾ ਰਹੀ ਹੈਂ ਉਸਨੇ ਉਤ੍ਰ ਦਿੱਤਾ ਕਿ ਜ਼ਰੂਰ ਇਸ ਵਿਚ ਖ਼ਰਾਬ ਚੀਜਾਂ ਹਨ ਮਗਰ ਕ੍ਰਿਤਘਨ ਆਦਮੀ ਦੀ ਨਜ਼ਰ ਲਗਣ ਨਾਲ ਹੋਰ ਖਰਾਬ ਨਾ ਹੋ ਜਾਵੇ ਇਸ ਲਈ ਢਕਿਆ ਹੈ ਇਸਤੇ ਨਸੀਹਤ ਮਿਲਦੀ ਹੈ ਕਿ ਪੁਰਸ਼ ਕ੍ਰਿਤ-ਘਨ ਅਰਥਾਤ ਨਿਮਕ ਹਰਾਮ ਨਾ ਬਣੇ ॥

ਅਖੀਰ ਨਤੀਜਾ

ਸਭ ਕੁਝ ਲਿਖਣ ਦੇ ਬਾਦ ਇਹ ਗਲ ਦਸਣੀ ਜ਼ਰੂਰੀ ਹੈ ਕਿ ਸਿੱਖਾਂ ਵਾਸਤੇ ਅਵਲ ਵਾਹਿਗੁਰੂ ਦਾ ਭਜਨ ਤੇ ਪੂਰਨ ਪ੍ਰੇਮ ਹੈ ਦੂਸਰੇ ਰਹਿਤ ਬਹਿਤ ਇਸਦੇ ਨਾਲ ਹੀ ਸਰਕਾਰ ਅੰਗ੍ਰੇਜ਼ੀ ਦੀ ਲਾਇਲਟੀ ਅਰਥਾਤ ਵਫਾਦਾਰੀ

ਧਰਮ ਦਾ ਇਕ ਜ਼ਰੂਰੀ ਅੰਗ ਹੈ ॥

ਮੁਕਦੀ ਗੁਲ੍ਹ ਸਿਖ ਓਹ ਹੈ ਜੋ ਸਰਕਾਰ ਦਾ ਲਾਇਲ ਹੋਵੇ, ਤੇ ਸਿਖ ਤਦ ਤਕ ਹੀ ਸਰਕਾਰ ਦਾ ਲਾਇਲ ਰਹਿ ਸਕਦਾ ਹੈ ਜਦ ਅਪਨੀ ਸਿੱਖੀ ਧਾਰਨਾ ਨੂੰ ਪੂਰੀ ਕਰਦਾ ਹੋਵੇ, ਇਸਤੇ ਸਿੱਖਾਂ ਦਾ ਧਰਮ ਹੈ ਕਿ ਅਪਨੇ ਗੁਰੂ ਸਾਹਿਬਾਂ ਦੇ ਹੁਕਮ ਨੂੰ ਮੰਨਦੇ ਹੋਏ ਸਰਕਾਰ ਦੇ ਅੱਗੇ ਨਾਲੋਂ ਵਧਕੇ ਲਾਇਲ ਸਾਬਤਹੋਣ ਅਤੇ ਪੂਰੀ ਉਮੇਦ ਹੈ ਕਿ ਮੇਹਰਬਾਨ ਸਰਕਾਰ ਭੀ ਜੈਸਾ ਕਿ ਇਸਤੋਂ ਪਹਿਲੇ ਸਿੱਖ ਧਰਮਦਾ ਖਿਆਲ ਰਖਦੀ ਹੋਈ ਹਰ ਤਰਾਂ ਸਹਾਇਤਾ ਦੇਕੇ ਸਿੱਖ ਕੌਮ ਨੂੰ ਨਿਹਾਲ ਕਰਦੀ ਰਹੀ ਹੈ, ਹੁਣ ਇਸਤੇ ਵੀ ਜ਼ਿਆਦਾ ਸਿੱਖਾਂ ਨੂੰ ਅਪਣੇ ਧਰਮ ਵਿਚ ਪੱਕਾ ਕਰਨ ਵਾਸਤੇ ਅਤੇ ਲਾਇਲਟੀ ਦੀ ਸੰਥਾ ਜੋ ਕਿ ਉਨ੍ਹਾਂ ਲਈ ਹਰ ਤਰਾਂ ਲਾਜ਼ਮੀ ਹੈ ਇਸਨੂੰ ਬਾਰ ਬਾਰ ਚੇਤੇ ਕਰਾਨ ਵਾਸਤੇ ਕੌਮ ਦੇ ਲਾਇਕ ਉਪਦੇਸ਼ਕਾਂ ਦੀ ਮਦਦ ਕਰੇਗੀ ਤੇ ਅਪਨੀ ਪਿਆਰੀ ਸਿੱਖ ਕੌਮ ਨੂੰ ਹਰ ਤਰਾਂ ਧੰਨਵਾਦੀ ਬਨਾਏਗੀ ॥

ਇਤਿ

ਪੰਥ ਦੀ ਮਨਜ਼ੂਰੀ

ਹੇਠ ਲਿਖੇ ਸਾਹਿਬਾਂ ਨੇ ਇਸਦਾ ਅਖਰ ੨ ਪੜ੍ਹਕੇ ਪ੍ਰਸੰਨਤਾ ਪ੍ਰਗਟ ਕੀਤੀ:-

(੧) ਕਪਤਾਨ ਗੁਰਦਿਤ ਸਿੰਘ ਜੀ ਰਾਇਪੁਰੀਏ ਪਿਨਸ਼ਨ ਖ੍ਵਾਰ ਸਰਦਾਰ ਬਹਾਦਰ ਸੂਬੇਦਾਰ ਮੇਜਰ ੧੫ ਸਿਖ ਪ੍ਰੇਜ਼ੀਡੰਟ ਪੰਥ ਖਾਲਸਾ ਦੀਵਾਨ

(੨) ਕਪਤਾਨ ਮਿੱਤ ਸਿੰਘ ਜੀ ਸਰਦਾਰ ਬਹਾਦਰ ਪਿਨ-ਸ਼ਨਖ੍ਵਾਰ ਸੂਬੇਦਾਰ ਮੇਜਰ ਪਲਟਨ ੨੯ ਸਾਬਕ ਪ੍ਰੈਜ਼ੀਡੰਟ ਤੇ ਹਾਲ ਲੈਫ ਮੈਂਬਰ ਸ੍ਰੀ ਗੁਰੂ ਸਿੰਘ ਸਭਾ ਪਸ਼ਾਵਰ ਛਾਵਨੀ

(੩) ਸੂਬੇਦਾਰ ਦੁਰਗਾ ਸਿੰਘ ਜੀ ੨੧ ਪੰਜਾਬੀ ਪ੍ਰੇਜ਼ੀਡੰਟ ਸ੍ਰੀ ਗੁਰੂ ਸਿੰਘ ਸਭਾ ਪਸ਼ਾਵਰ ਛਾਵਨੀ

(੪) ਸੂਬੇਦਾਰ ਵਰਯਾਮ ਸਿੰਘ ਜੀ ੨੧ ਪੰਜਾਬੀ

(੫) ,, ਭਗਤ ਸਿੰਘ ਜੀ ੫੨ ਸਿਖ

(੬) ,, ਲਛਮਨ ਸਿੰਘ ਜੀ ੫੧ ਸਿਖ

(੭) ਮਿਸਤ੍ਰੀ ਬਗਾ ਸਿੰਘ ਜੀ ਸਦਰ ਪਸ਼ਾਵਰ

(੮) ਸੂਬੇਦਾਰ ਚਤਰ ਸਿੰਘ ਜੀ ਪਰ ਸਿਖ ਸਕਤ੍ਰ ਸ੍ਰੀ ਗੁਰੂ ਸਿੰਘ ਸਭਾ ਪਸ਼ਾਵਰ ਛਾਵਨੀ

ਪੰਥ ਦਾ ਦਾਸ–ਬਾਘ ਸਿੰਘ



ਅਫਸਰਾਂ ਦੀ ਮਨਜ਼ੂਰੀ

ਹੇਠ ਲਿਖੇ ਅਫਸਰਾਂ ਨੇ ਇਸਦਾ ਤਰਜਮਾ ਪੜ੍ਹਕੇ ਪ੍ਰਸੰਨਤਾ ਪ੍ਰਗਟ ਕੀਤੀ ਜੋ ਸ੍ਰੀ ਗੁਰੂ ਸਿੰਘ ਸਭਾ ਪਸ਼ਾਵਰ ਛਾਵਨੀ ਦੇ [illegible] ਹਨ:—

ਕਰਨਲ [illegible] ਸਾਹਿਬ ਬਹਾਦਰ, [illegible] ਪੰਜਾਬੀ

ਕਰਨਲ ਫ੍ਰਸਟ ਸਾਹਿਬ ਬਹਾਦਰ [illegible] ਸਿੱਖ

ਧਜ਼ਾਨ ਯੋਗ

ਇਸ ਪੁਸਤਕ ਦਾ ਅੰਗ੍ਰੇਜ਼ੀ ਉਲੱਥਾ ਵੀ ਛਪਕੇ ਤਯਾਰ ਹੈ; ਜਿਸ ਸੱਜਨ ਨੇ ਮੰਗਵਾਨਾ ਹੋਵੇ ਹੇਠ ਦੱਸੇ ਪਤੇ ਤੋਂ ਮੰਗਵਾ ਲਵੇ—

ਪ੍ਰਾਰਥਕ—

ਭਾਈ ਬਾਘ ਸਿੰਘ ਗਯਾਨੀ

ਲੇਖਕ ਤੇ ਉਪਦੇਸ਼ਕ ਸ੍ਰੀ ਗੁਰੂ ਸਿੰਘ ਸਭਾ

ਸੰ: ਨਾ: ੪੪੪

ਪਸ਼ਾਵਰ ਛਾਉਣੀ

An English Translation of this book has also been printed which can be had from me on this address:

Bhai Bagh Singh Giani

[illegible] & Preacher

Sri Guru Singh Sabha

Peshawar Cantt.

October 1912